# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੮: ਸੁਮੇਰੂ (ਚੇਤਨਾ)

ਸੁਮੇਰੂ, ਚੇਤਨਾ, ਨਿਡਰ ਖ਼ਾਸੇ ਦੀ ਗੂੰਜ ਹੈ। ਨਿਰਭਉ ਗੁਰੂ ਨਾਨਕ ਨੇ ਦੇਵਤਿਆਂ ਅਤੇ ਦੈਂਤਾਂ ਦੇ ਪਹਾੜਾਂ, ਅਤੇ ਦੁਨੀਆਂ ਦੀ ਛੱਤ ਉੱਤੇ ਇਹ ਦ੍ਰਿੜਾਇਆ ਕਿ ਸਿਰਫ਼ ਸਰਵਉੱਚ ਚੇਤਨਾ ਹੀ ਇਲਾਹੀ ਦਾ ਧੁਰਾ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਕਿਰਤੁ ਨ ਮੇਟਿਆ ਜਾਈ॥
(ਰਾਗ ਗੂਜਰੀ, ਗੁਰੂ ਨਾਨਕ)

ਕੁਦਰਤ ਨੂੰ ਜੋ ਭਾਉਂਦਾ ਹੈ, ਉਹ ਉਹੀ ਕਰਦੀ ਹੈ,
ਉਸ ਦੀ ਕਿਰਤ ਕੋਈ ਨਹੀਂ ਮੇਟ ਸਕਦਾ।
(ਰਾਗ ਗੂਜਰੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਸੋਚ-ਵਿਚਾਰ ਕੇ ਕੀਤੇ ਕਰਮਾਂ ਦੀ ਅਹਿਮੀਅਤ ਸਰਵੋਤਮ ਹੈ। ਆਪਣੇ ਉਪਰਾਲਿਆਂ ਦੇ ਸਿੱਟਿਆਂ ਤੋਂ ਬੇਲਾਗ ਰਹਿਣ ਨਾਲ ਮਨੁੱਖ ਅੰਦਰ ਇਤਫ਼ਾਕ ਦਾ ਵਾਸਾ ਹੁੰਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੁਝ ਸਮਾਂ ਨਨਕਾਣਾ ਸਾਹਿਬ ਵਿੱਚ ਗੁਜ਼ਾਰਨ ਤੋਂ ਬਾਅਦ ਆਪਣੀ ਅਗਲੀ ਉਦਾਸੀ ਲਈ ਚਾਲੇ ਪਾ ਦਿੱਤੇ ਜੋ ਤਕਰੀਬਨ ਪੰਦਰ੍ਹਾਂ ਸੌ ਸਤਾਰਾਂ ਈਸਵੀ ਵਿੱਚ ਸ਼ੁਰੂ ਹੋਈ। ਇਹ ਸਫ਼ਰ ਉਨ੍ਹਾਂ ਨੂੰ ਉੱਤਰੀ ਹਿਮਾਲਿਆ ਦੇ ਇਲਾਕੇ ਵਿੱਚ ਲੈ ਗਿਆ। ਇਸ ਸਫ਼ਰ ਵਿੱਚ ਉਹ ਉੱਤਰੀ ਹਿਮਾਲਿਆ ਦੇ ਇਲਾਕੇ ਵਿੱਚ ਗਏ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਲਵੰਡੀ, ਜੋ ਹੁਣ ਨਨਕਾਣਾ ਸਾਹਿਬ ਹੈ, ਤੋਂ ਲਾਹੌਰ, ਕੀਰਤਪੁਰ, ਜਵਾਲਾ ਜੀ, ਬੈਜਨਾਥ ਅਤੇ ਪਾਰਵਤੀ ਵਾਦੀ ਦਾ ਸਫ਼ਰ ਕੀਤਾ। ਇਸ ਤੋਂ ਅੱਗੇ ਉਹ ਸਪਿਤੀ ਵਾਦੀ ਅਤੇ ਸ਼ਿਪਕੀ ਦੱਰੇ ਵਿੱਚੋਂ ਸਫ਼ਰ ਕਰਦੇ ਹੋਏ ਤਿੱਬਤੀ ਪਠਾਰ ਉੱਤੇ ਚੜ੍ਹ ਗਏ ਅਤੇ ਉਨ੍ਹਾਂ ਨੇ ਸਾਪਰਾਂਗ ਵਿੱਚੋਂ ਲੰਘ ਕੇ ਕੈਲਾਸ਼ ਪਰਬਤ ਦੀ ਯਾਤਰਾ ਕੀਤੀ। ਕੈਲਾਸ਼ ਪਰਬਤ ਤੋਂ ਉਨ੍ਹਾਂ ਨੇ ਪੈਂਗੌਂਗ ਤਾਲ ਦੇ ਨਾਲ-ਨਾਲ ਸਫ਼ਰ ਕੀਤਾ ਅਤੇ ਲੇਹ ਪਹੁੰਚ ਗਏ। ਲੇਹ ਤੋਂ ਉਨ੍ਹਾਂ ਨੇ ਸਕਰਦੂ, ਕਾਰਗਿਲ, ਮਟਨ ਅਤੇ ਸ਼੍ਰੀਨਗਰ ਦਾ ਸਫ਼ਰ ਕੀਤਾ। ਪਹਿਲਾਂ ਉਨ੍ਹਾਂ ਨੇ ਨਨਕਾਣਾ ਸਾਹਿਬ ਤੋਂ ਲਾਹੌਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਨਨਕਾਣਾ ਸਾਹਿਬ ਤੋਂ ਲਾਹੌਰ ਜਾ ਰਹੇ ਹਾਂ।

ਲਾਹੌਰ ਦਾ ਮੁੱਢ ਮਹਾਂਕਾਵਿ ਰਾਮਾਇਣ ਦੇ ਸਮਿਆਂ ਨਾਲ ਜੁੜਿਆ ਹੋਇਆ ਹੈ। ਲਾਹੌਰ ਦੇ ਹੁਕਮਰਾਨ ਸਮੇਂ ਦੇ ਨਾਲ ਬਦਲਦੇ ਰਹੇ ਹਨ ਜੋ ਹਿੰਦੂ, ਮੁਸਲਮਾਨ, ਸਿੱਖ ਅਤੇ ਬਰਤਾਨਵੀਂ ਰਹੇ। ਇਸ ਵੇਲੇ ਲਾਹੌਰ ਪਾਕਿਸਤਾਨ ਦੇ ਸੂਬੇ ਪੰਜਾਬ ਦੀ ਰਾਜਧਾਨੀ ਹੈ।

ਜਦੋਂ ਗੁਰੂ ਨਾਨਕ ਲਾਹੌਰ ਆਏ ਤਾਂ ਇੱਥੇ ਲੋਧੀ ਖ਼ਾਨਦਾਨ ਦਾ ਰਾਜ ਸੀ।

ਹੁਣ ਅਸੀਂ ਲਾਹੌਰ ਦੇ ਅੰਦਰੂਨ ਸ਼ਹਿਰ ਵਿੱਚ ਚੌਹੱਟਾ ਬਾਜ਼ਾਰ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਲਾਹੌਰ ਵਿੱਚ ਰਾਵੀ ਨਦੀ ਦੇ ਕੰਢੇ ਕਿਆਮ ਕੀਤਾ। ਉਹ ਆਪਣੇ ਰੋਜ਼ਾਨਾ ਦਸਤੂਰ ਮੁਤਾਬਕ ਬਾਣੀ ਦਾ ਗਾਇਨ ਕਰ ਰਹੇ ਸਨ ਤਾਂ ਉਨ੍ਹਾਂ ਦੇ ਵਿਸਮਾਦੀ ਸ਼ਬਦਾਂ ਨੇ ਮਾਲ ਮਹਿਕਮੇ ਦੇ ਅਫ਼ਸਰ ਦੁਨੀ ਚੰਦ ਦੇ ਦਿਲ ਨੂੰ ਧੂਹ ਪਾ ਦਿੱਤੀ। ਉਸ ਨੇ ਦੋਵਾਂ ਨੂੰ ਚੌਹੱਟਾ ਬਾਜ਼ਾਰ ਵਿੱਚ ਆਪਣੀ ਰਿਹਾਇਸ਼ ਵਿਖੇ ਆਉਣ ਦਾ ਸੱਦਾ ਦਿੱਤਾ।

ਦੁਨੀ ਚੰਦ ਨੂੰ ਆਪਣੀ ਦੌਲਤ ਦਾ ਮਾਣ ਸੀ। ਉਸ ਨੇ ਬੜੇ ਮਾਣ ਨਾਲ ਆਪਣੀ ਅਮੀਰੀ ਦਾ ਦਿਖਾਵਾ ਕਰਦੇ ਹੋਏ ਦੱਸਿਆ ਕਿ ਝੰਡੀਆਂ ਨਾਲ ਸਜਾਇਆ ਹੋਇਆ ਆਲੀਸ਼ਾਨ ਘਰ ਉਸ ਦਾ ਹੈ। ਦੁਨੀ ਚੰਦ ਨੂੰ ਪਦਾਰਥ ਦੀ ਲਾਲਸਾ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਨਾਨਕ ਨੇ ਉਸ ਦੀ ਪੜਚੋਲੀਆ ਸੋਚ ਨੂੰ ਜਗਾਇਆ। ਉਨ੍ਹਾਂ ਨੇ ਦੁਨੀ ਚੰਦ ਨੂੰ ਇੱਕ ਸੂਈ ਸੌਗਾਤ ਵਜੋਂ ਦਿੱਤੀ ਅਤੇ ਕਿਹਾ ਕਿ ਇਸ ਨੂੰ ਸਾਂਭ ਕੇ ਰੱਖੇ ਅਤੇ ਮੌਤ ਤੋਂ ਬਾਅਦ ਨਾਲ ਲੈ ਕੇ ਜਾਵੇ। ਦੁਨੀ ਚੰਦ ਨੂੰ ਗੁੱਝੇ ਸੁਨੇਹੇ ਦੀ ਸਮਝ ਆ ਗਈ ਕਿ ਜ਼ਖ਼ੀਰੇਬਾਜ਼ੀ ਬੇਅਰਥ ਹੈ ਅਤੇ ਮੌਤ ਤੋਂ ਬਾਅਦ ਕੁਝ ਵੀ ਨਾਲ ਨਹੀਂ ਜਾਣਾ। ਇਸ ਲਈ ਜ਼ਰੂਰਤਮੰਦਾਂ ਵਿੱਚ ਦੌਲਤ ਵਰਤਾਉਣ ਨਾਲ ਰੂਹਾਨੀ ਰੁਤਬਾ ਕਮਾਇਆ ਜਾ ਸਕਦਾ ਹੈ ਜੋ ਸਭ ਤੋਂ ਅਹਿਮ ਸਰਮਾਇਆ ਹੈ। ਗੁਰੂ ਨਾਨਕ ਨੇ ਗਾ ਕੇ ਤਫ਼ਸੀਲ ਦਿੱਤੀ।

ਸਾਹ ਮਰਹਿ ਸੰਚਹਿ ਮਾਇਆ ਦਾਮ॥
ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ॥
(ਰਾਗੁ ਗਉੜੀ, ਗੁਰੂ ਨਾਨਕ)

ਦੌਲਤਮੰਦ, ਦੌਲਤ ਅਤੇ ਮਾਲ ਇਕੱਠਾ ਕਰਨ ਤੋਂ ਬਾਅਦ ਵੀ ਮਰ ਜਾਵੇਗਾ।
ਮੈਨੂੰ ਅੰਮ੍ਰਿਤ ਰੂਪੀ ਸੋਚ-ਵਿਚਾਰ ਦੀ ਦੌਲਤ ਨਾਲ ਨਿਵਾਜੋ।
(ਰਾਗੁ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਨੇ ਦੁਨੀ ਚੰਦ ਨੂੰ ਅਹਿਸਾਸ ਕਰਵਾਇਆ ਕਿ ਬੇਗ਼ਰਜ਼ੀ ਹੀ ਹਕੀਕੀ ਮੁਨਾਫ਼ਾ ਹੈ ਜਦ ਕਿ ਬਾਕੀ ਧਨ-ਦੌਲਤ ਹਊਮੈਂ ਬੁਲੰਦ ਕਰਨ ਦੀ ਗੁੰਜ਼ਾਇਸ਼ ਬਣਾਉਂਦੀ ਹੈ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਲਾਹੌਰ ਦੇ ਅੰਦਰੂਨ ਸ਼ਹਿਰ ਦੀਆਂ ਤੰਗ ਗਲੀਆਂ ਵਿੱਚ 'ਸੇਠ' ਦੁਨੀ ਚੰਦ ਦੀ ਪੁਰਾਣੀ ਰਿਹਾਇਸ਼ ਵਾਲੀ ਥਾਂ ਉੱਤੇ ਬਣਿਆ ਹੈ।

ਦੁਨੀ ਚੰਦ ਨੇ ਗੁਰੂ ਨਾਨਕ ਨੂੰ ਸਰਾਧ ਕਰਨ ਦਾ ਸੱਦਾ ਦਿੱਤਾ ਜੋ ਫੌਤ ਹੋ ਚੁੱਕੇ ਪੁਰਖਿਆਂ ਨੂੰ ਸ਼ਰਧਾਜਲੀ ਪੇਸ਼ ਕਰਨ ਦੇ ਕਰਮ-ਕਾਂਡ ਵਜੋਂ ਪੁਜਾਰੀ ਜਮਾਤ ਦੀ ਖ਼ਾਤਰਦਾਰੀ ਰਾਹੀਂ ਕੀਤਾ ਜਾਂਦਾ ਹੈ। ਸਰਾਧ ਸੰਸਕ੍ਰਿਤ ਦੇ ਸ਼ਬਦ 'ਸ਼ਰਧਾ' ਤੋਂ ਬਣਿਆ ਹੈ, ਜਿਸਦਾ ਅਰਥ ਅਕੀਦਤ ਹੈ। ਗੁਰੂ ਨਾਨਕ ਨੇ ਬਿਆਨ ਕੀਤਾ ਕਿ ਪੁਰਖਿਆਂ

ਨੂੰ ਦਿਲੋਂ ਅਹਿਤਰਾਮ ਪੇਸ਼ ਕਰਨ ਲਈ ਉਨ੍ਹਾਂ ਦੇ ਜਿਊਂਦੇ-ਜੀਅ ਸਤਿਕਾਰ ਕਰਨਾ ਚਾਹੀਦਾ ਹੈ। ਹੋਰ ਤਫ਼ਸੀਲ ਦੇਣ ਲਈ ਗੁਰੂ ਨਾਨਕ ਨੇ ਗਾਇਨ ਕੀਤਾ,

ਸਭਿ ਸੰਜਮ ਰਹੇ ਸਿਆਣਪਾ॥
ਮੇਰਾ ਪ੍ਰਭੁ ਸਭੁ ਕਿਛੁ ਜਾਣਦਾ॥
ਸਭਿ ਸੰਜਮ ਰਹੇ ਸਿਆਣਪਾ॥
(ਸਿਰੀ ਰਾਗ, ਗੁਰੂ ਨਾਨਕ)

ਸਭ ਸੰਜਮ ਚੁਸਤ ਚਲਾਕੀਆਂ ਹਨ।
ਮੇਰਾ ਹਾਜ਼ਰਾ-ਹਜ਼ੂਰ ਆਪ ਜਾਣੀਜਾਣ ਹੈ।
ਸਖ਼ਤ ਕਰਮ-ਕਾਂਡ ਤਾਂ ਸਿਰਫ਼ ਚੁਸਤ ਚਲਾਕੀਆਂ ਹਨ।
(ਸਿਰੀ ਰਾਗ, ਗੁਰੂ ਨਾਨਕ)

ਇਹ ਗ਼ਲਤ-ਫ਼ਹਿਮੀ ਹੈ ਕਿ ਕਰਮ-ਕਾਂਡ ਨਿਭਾਉਣ ਵਾਲੇ ਅਮਲਾਂ ਨਾਲ ਕੋਈ ਗੁਣੀ ਹੋ ਜਾਂਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ ਲੈਂਦਾ ਹੈ। ਗੁਰੂ ਨਾਨਕ ਨੇ ਆਖਿਆ ਕਿ ਸਮਾਜ ਨੂੰ ਫ਼ਰੇਬ ਨਾਲ ਧੋਖਾ ਦਿੱਤਾ ਜਾ ਸਕਦਾ ਹੈ ਪਰ ਮਨੁੱਖ ਦੀ ਆਪਣੀ ਸੁਰਤ ਨੂੰ ਉਸ ਦੇ ਅਮਲਾਂ ਪਿਛਲੇ ਇਰਾਦਿਆਂ ਦਾ ਪਤਾ ਹੁੰਦਾ ਹੈ।

ਗੁਰੂ ਨਾਨਕ ਦਾ ਇਹ ਗਹਿਰਾ, ਦਲੀਲਮੰਦ ਅਤੇ ਕਾਇਨਾਤੀ ਫ਼ਲਸਫਾ ਵੱਖ-ਵੱਖ ਪਿਛੋਕੜ ਵਾਲੇ ਲੋਕਾਂ ਦੇ ਦਿਲ ਨੂੰ ਟੁੰਭਦਾ ਹੈ।

ਅਸੀਂ ਹੁਣ ਲਾਹੌਰ ਕਿਲ੍ਹੇ ਦੇ ਮੁਹਾਫ਼ਿਜ਼ ਅੰਜੁਮ ਦਾਰਾ ਨੂੰ ਮਿਲ ਰਹੇ ਹਾਂ। ਉਨ੍ਹਾਂ ਨੇ ਪੁਰਾਤਤਵ ਵਿਗਿਆਨ ਦੀ ਪੜ੍ਹਾਈ ਕੀਤੀ ਹੈ ਅਤੇ ਪੰਜਾਬ ਦੀ ਉਸ ਸਾਂਝੀ ਤਹਿਜ਼ੀਬ ਦੇ ਜਾਣੂ ਹਨ, ਜਦੋਂ ਗੁਰੂ ਨਾਨਕ ਦੀ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿੱਚ ਇੱਕੋ-ਜਿਹੀ ਮਾਨਤਾ ਸੀ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥
(ਰਾਗ ਆਸਾ, ਗੁਰੂ ਨਾਨਕ)

ਪਲ, ਘੜੀਆਂ, ਪਹਿਰ, ਤਾਰੀਖ਼, ਦਿਨ ਅਤੇ ਮਹੀਨੇ
ਇਕ ਸੂਰਜ ਵਿੱਚੋਂ ਅਨੇਕ ਰੁਤਾਂ ਉਗਮਦੀਆਂ ਹਨ।
ਨਾਨਕ ਨੇ ਆਖਿਆ ਕਿ ਇਸੇ ਤਰ੍ਹਾਂ ਕਰਤਾ ਦੇ ਅਨੇਕ ਰੂਪ ਹਨ।
(ਰਾਗ ਆਸਾ, ਗੁਰੂ ਨਾਨਕ)

**ਅੰਜੁਮ ਦਾਰਾ:** ਇਹ ਜਿਹੜੇ ਸ਼ਬਦ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਇਨ੍ਹਾਂ ਦਾ ਮਕਸਦ ਹੈ ਕਿ ਸੈਕੰਡ, ਘੰਟੇ, ਹਫ਼ਤੇ, ਮਹੀਨੇ, ਇਹ ਸਾਰੇ ਇੱਕ ਸੂਰਜ ਦੇ ਨਾਲ ਜੁੜੇ ਹੋਏ ਹਨ। ਉਸ ਸੂਰਜ ਦੀ ਗਰਦਿਸ਼ ਦੇ ਨਾਲ ਹਰ ਚੀਜ਼ ਜੁੜੀ ਹੈ ਜਿਵੇਂ ਇਹ ਬਾਬਾ ਗੁਰੂ ਨਾਨਕ ਮਹਾਰਾਜ ਨੇ ਆਖਿਆ ਹੈ ਕਿ ਵਹਦਾਨੀਅਤ ਦੀ ਜਾਤ, ਅੱਲਾਹ ਦੀ ਜਾਤ, ਰੱਬ ਦੀ ਜਾਤ, ਵਾਹਿਗੁਰੂ, ਇਕਾਈ ਦੇ ਨਾਲ ਚੀਜ਼ਾਂ ਜੁੜੀਆਂ ਹਨ। ਸਾਰੇ ਦੀਨ ਵੀ ਉਹਦੇ ਵਿੱਚੋਂ ਨਿਕਲੇ, ਸਾਰੀਆਂ ਖੇਡਾਂ ਮੁਖਤਲਿਫ਼ ਧਰਮਾਂ ਦੇ ਇਨਸਾਨਾਂ ਦੀਆਂ ਬਣਾਈਆਂ ਹੋਈਆਂ ਹਨ। ਉਹਦੇ ਵਿੱਚ ਇੱਕ ਹੋਰ, ਭਗਤ ਕਬੀਰ ਦਾ ਸ਼ੇਅਰ ਹੈ ਕਿ, ਇੱਕ ਮੰਦਿਰ ਦੇ ਦਸ ਦਰਵਾਜ਼ੇ ਹਨ ਜਿਨ੍ਹਾਂ ਵਿੱਚ ਕਰਤਾਰ ਦਾ ਵਾਸਾ ਹੈ, ਆਪਣੇ-ਆਪਣੇ ਧਰਮ ਦੇ ਨੇਮਾਂ ਮੁਤਾਬਕ ਸੰਸਾਰ ਵੱਖ-ਵੱਖ ਸ਼ਕਲਾਂ ਦੀ ਪੂਜਾ ਕਰਦਾ ਹੈ। ਹਰ ਕੋਈ ਆਪਣੇ-ਆਪਣੇ ਦਰਵਾਜ਼ੇ ਤੋਂ ਦਾਖ਼ਲ ਹੁੰਦਾ ਹੈ, ਉਹ ਇਹੋ ਸਮਝਦਾ ਹੈ ਕਿ ਇਹੀ ਦਰਵਾਜ਼ਾ ਹੈ ਜਿਹੜਾ ਮੰਦਿਰ ਨੂੰ ਜਾਂਦਾ ਹੈ, ਜਿਹੜਾ ਮਸਜਿਦ ਨੂੰ ਜਾਂਦਾ ਹੈ, ਜਿਹੜਾ ਗੁਰਦਵਾਰੇ ਨੂੰ ਜਾਂਦਾ ਹੈ। ਉਨ੍ਹਾਂ ਨੂੰ ਇਹ ਨਹੀ ਪਤਾ ਕਿ ਦਰਵਾਜ਼ੇ ਦਸ ਹਨ, ਅੰਦਰ ਇੱਕੋ ਹੀ ਸ਼ਖ਼ਸੀਅਤ ਹੈ, ਅਤੇ ਵਹਿਦੀਅਤ। ਇਸ ਦਾ ਮਤਲਬ ਕਿ ਜਦੋਂ ਨਾਨਕ ਜ਼ਾਹਿਰ ਹੋਏ, ਉਦੋਂ ਜਾਤ-ਪਾਤ, ਊਚ-ਨੀਚ, ਹਿੰਦੂ-ਬ੍ਰਾਹਮਣਾਂ ਅਤੇ ਮੁੱਲਿਆਂ ਦੀਆਂ ਮਜ਼ਹਬ ਦਾ ਇਸਤੇਮਾਲ ਕਰਨ ਦੀਆਂ ਜੁਗਤਾਂ ਸਨ। ਉਹ ਬਾਬਾ ਜੀ ਨੇ ਕਿਹਾ ਸੀ ਕਿ ਅਗਿਆਨਤਾ ਕਾਰਨ ਇਹ ਤਮਾਮ ਹਨੇਰਾ ਹੈ। ਇਨਸਾਨੀਅਤ ਨੂੰ ਰਾਹ ਦਿਖਾਉਣ ਵਾਸਤੇ ਕਿਸੇ ਰੋਸ਼ਨੀ ਦੀ ਜ਼ਰੂਰਤ ਹੈ, ਕਿਸੇ ਹਦਾਇਤ ਦੀ ਜ਼ਰੂਰਤ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਲਾਹੌਰ ਤੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਸਤਲੁਜ ਨਦੀ ਦੇ ਪੂਰਬੀ ਕੰਢੇ ਕੀਰਤਪੁਰ ਦਾ ਸਫ਼ਰ ਕੀਤਾ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤੈਅ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਵਾਹਗਾ ਨਾਕੇ ਤੋਂ ਇੰਡੀਆ ਜਾ ਰਹੇ ਹਾਂ ਅਤੇ ਕੀਰਤਪੁਰ ਦੇ ਲਾਗੇ ਪਹਾੜੀ ਦੇ ਸਿਖ਼ਰ ਉੱਤੇ ਬਣੀ ਪੀਰ ਬੁੱਢਣ ਸ਼ਾਹ ਦੀ ਦਰਗਾਹ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਜਦੋਂ ਗੁਰੂ ਨਾਨਕ ਇਸ ਇਲਾਕੇ ਵਿੱਚ ਆਏ ਤਾਂ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਘਣਾ ਜੰਗਲ ਸੀ। ਪਹਾੜੀ ਦੇ ਸਿਖ਼ਰ ਉੱਤੇ ਗੁਰੂ ਨਾਨਕ ਦੇ ਆਉਣ ਦਾ ਜ਼ਿਕਰ ਪੁਰਾਣੀਆਂ 'ਜਨਮਸਾਖੀਆਂ' ਵਿੱਚ ਨਹੀਂ ਮਿਲਦਾ। ਇਸ ਬਿਰਤਾਂਤ ਨੂੰ ਪ੍ਰਵਾਨ ਕੀਤਾ ਗਿਆ ਹੈ ਕਿਉਂਕਿ ਕਿਹਾ ਜਾਂਦਾ ਹੈ ਕਿ ਗੁਰੂ ਹਰਗੋਬਿੰਦ ਆਪ ਗੁਰੂ ਨਾਨਕ ਦੀ ਯਾਦ ਵਿੱਚ ਇਸ ਅਸਥਾਨ ਉੱਤੇ ਆਏ ਸਨ।

ਜ਼ਬਾਨੀ ਦਸਤੂਰ ਵਿੱਚ ਦਰਜ ਹੈ ਕਿ ਇਸ ਪਹਾੜੀ ਦੇ ਸਿਖ਼ਰ ਉੱਤੇ ਪੀਰ ਬੁੱਢਣ ਸ਼ਾਹ ਨਾਮ ਦੇ ਮੁਸਲਮਾਨ ਸੰਤ ਬੱਕਰੀਆਂ ਦਾ ਵੱਗ ਪਾਲਦੇ ਸਨ ਜਿਨ੍ਹਾਂ ਦੀ ਰਾਖੀ ਉਨ੍ਹਾਂ ਦਾ ਪਾਲਤੂ ਸ਼ੇਰ ਕਰਦਾ ਸੀ। ਪੀਰ ਬੁੱਢਣ ਸ਼ਾਹ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਪ੍ਰਾਹੁਣਚਾਰੀ ਕੀਤੀ ਅਤੇ ਉਨ੍ਹਾਂ ਨੂੰ ਬੱਕਰੀ ਦਾ ਦੁੱਧ ਪੇਸ਼ ਕੀਤਾ।

ਸ਼ੇਰ ਬਹਾਦਰੀ ਦੀ ਨੁਮਾਇੰਦਗੀ ਕਰਦਾ ਹੈ, ਮੇਮਣਾ ਹਲੀਮੀ ਦੀ ਨੁਮਾਇੰਦਗੀ ਕਰਦਾ ਹੈ, ਅਤੇ ਦੁੱਧ ਖ਼ੁਰਾਕ ਦੇ ਸੋਮੇ ਦੀ ਨੁਮਾਇੰਦਗੀ ਕਰਦਾ ਹੈ। ਮੇਰੀ ਨਿਮਾਣੀ ਸਮਝ ਮੁਤਾਬਕ ਇਹ ਤਸ਼ਬੀਹ ਬਿਆਨ ਕਰਦੀ ਹੈ ਕਿ

ਹਲੀਮੀ ਦੀ ਹਿਮਾਇਤ ਵਿੱਚ ਵੈਰ ਨੂੰ ਸੀਲ ਕਰਨਾ ਹੀ ਸੱਚੀ ਬਹਾਦਰੀ ਹੈ ਜੋ ਖ਼ੁਰਾਕ ਵਜੋਂ ਰੂਹ ਦੀ ਸੇਵਾ ਕਰਦੀ ਹੈ।

ਪੀਰ ਬੁੱਢਣ ਸ਼ਾਹ ਦੀ ਦਰਗਾਹ ਤੋਂ ਕੁਝ ਫ਼ਾਸਲੇ ਉੱਤੇ ਗੁਰੂ ਨਾਨਕ ਦੀ ਕੀਰਤਪੁਰ ਆਮਦ ਦੀ ਯਾਦ ਵਿੱਚ ਗੁਰਦਵਾਰਾ ਚਰਨ ਕਮਲ ਬਣਿਆ ਹੋਇਆ ਹੈ।

**ਅਮਰਦੀਪ ਸਿੰਘ:** ਗੁਰਦਵਾਰਾ ਚਰਨ ਕਮਲ ਗੁਰੂ ਨਾਨਕ ਦੀ ਫ਼ਕੀਰ ਬੁੱਢਣ ਸ਼ਾਹ ਨਾਲ ਮੁਲਾਕਾਤ ਦੀ ਯਾਦ ਵਿੱਚ ਬਣਿਆ ਹੋਇਆ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੀਰਤਪੁਰ ਤੋਂ ਜਵਾਲਾ ਜੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕੀਰਤਪੁਰ ਤੋਂ ਹਿਮਾਚਲ ਪ੍ਰਦੇਸ਼ ਵਿੱਚ ਜਵਾਲਾ ਜੀ ਦੇ ਜਵਾਲਾਮੁਖੀ ਮੰਦਿਰ ਜਾ ਰਹੇ ਹਾਂ।

ਇਹ ਮੰਦਿਰ ਹਿੰਦੂ ਧਰਮ ਦੇ ਸ਼ਕਤੀ ਮੱਤ ਦੇ ਇਕਵੰਜਾ ਸ਼ਕਤੀ ਪੀਠਾਂ ਵਿੱਚ ਸ਼ਾਮਿਲ ਹੈ। ਜਵਾਲਾਮੁਖੀ ਮੰਦਿਰ ਵਾਲੀ ਥਾਂ ਉੱਤੇ ਭਗਵਾਨ ਸ਼ਿਵ ਦੀ ਮਰੀ ਹੋਈ ਸ਼ਰੀਕਿ-ਹਯਾਤ ਪਾਰਵਤੀ ਦੀ ਵੱਢੀ ਹੋਈ ਜੀਭ ਡਿੱਗੀ ਸੀ।

ਇਸ ਪੁਰਾਤਨ ਮੰਦਿਰ ਵਿੱਚ 'ਜਵਾਲਾ' ਦੀ ਪੂਜਾ ਹੁੰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਜੋਤ ਸਦੀਆਂ ਤੋਂ ਜਗ ਰਹੀ ਹੈ।

ਗੁਰੂ ਨਾਨਕ ਦੇ ਜਵਾਲਾਮੁਖੀ ਮੰਦਿਰ ਵਿੱਚ ਆਉਣ ਦਾ ਜ਼ਿਕਰ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿੱਚ ਮਿਲਦਾ ਹੈ।

ਗੁਰੂ ਨਾਨਕ ਦੇ ਇਸ ਅਸਥਾਨ ਉੱਤੇ ਆਉਣ ਦੀ ਸ਼ਰਧਾ ਵਿੱਚ ਮਹਾਰਾਜਾ ਖੜਕ ਸਿੰਘ ਨੇ ਅਠਾਰਾਂ ਸੌ ਚਾਲੀ ਈਸਵੀ ਵਿੱਚ ਜਵਾਲਾਮੁਖੀ ਮੰਦਿਰ ਦੇ ਗੁੰਬਦ ਉੱਤੇ ਸੋਨੇ ਦੀ ਝਾਲ ਚੜ੍ਹਾਈ ਸੀ। ਉਹ ਸ਼ੇਰੇ-ਪੰਜਾਬ ਵਜੋਂ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਸਨ।

ਕਈ ਮਜ਼ਹਬਾਂ ਦੇ ਦਸਤੂਰ ਵਿੱਚ ਜਵਾਲਾ ਦੀ ਪੂਜਾ ਇਸ ਦੀ ਹਨੇਰੇ ਵਿੱਚ ਰੌਸ਼ਨੀ ਕਰਨ ਦੀ ਸ਼ਕਤੀ ਵਜੋਂ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਗਿਆਨ ਦੀ ਮਸ਼ਾਲ ਨਾਲ ਮਨ ਨੂੰ ਰੌਸ਼ਨ ਕਰਨ ਦੀ ਸੰਕੇਤਕ ਨੁਮਾਇੰਦਗੀ ਹੈ। ਜਦੋਂ ਕਿ ਅੰਦਰੂਨੀ ਤਬਦੀਲੀ ਨਾਲ ਰੌਸ਼ਨਖ਼ਿਆਲੀ ਵਾਲੀ ਅਸਲ ਹਾਲਤ ਨੂੰ ਨਜ਼ਰਅੰਦਾਜ਼ ਕਰ ਕੇ ਮਹਿਜ਼ ਕਰਮ-ਕਾਂਡੀ ਅਰਾਧਨਾ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ।

ਕੀਰਤਿ ਕਰਮ ਕਾਰ ਨਿਜ ਸੰਦਾ॥
ਅੰਤਰਿ ਰਵਤੌ ਰਾਜ ਰਵਿੰਦਾ॥

---

(ਰਾਗੁ ਪ੍ਰਭਾਤੀ, ਗੁਰੂ ਨਾਨਕ)

ਮੇਰਾ ਕਰਮ ਰੋਜ਼ਾਨਾ ਵਿਚਾਰ ਕਰਨਾ ਹੈ।
ਜਿਵੇਂ ਚਮਕ, ਸੂਰਜ ਵਿੱਚ ਵਸਦੀ ਹੈ ਉਸੇ ਤਰ੍ਹਾਂ ਸੁਰਤ ਦਾ ਵਾਸਾ ਮੇਰੇ ਅੰਦਰ ਹੈ।
(ਰਾਗੁ ਪ੍ਰਭਾਤੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਉਨ੍ਹਾਂ ਨੇ ਸੋਚ-ਵਿਚਾਰ ਨੂੰ ਰੋਜ਼ਾਨਾ ਅਮਲ ਦਾ ਹਿੱਸਾ ਬਣਾ ਲਿਆ ਹੈ ਕਿਉਂਕਿ ਵਿਵੇਕ ਦੀ ਜਵਾਲਾ ਅੰਦਰ ਵਸਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਜਵਾਲਾ ਜੀ ਤੋਂ ਬੈਜਨਾਥ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਜਵਾਲਾ ਜੀ ਤੋਂ ਬੈਜਨਾਥ ਜਾ ਰਹੇ ਹਾਂ।

ਪੁਰਾਤਨ ਸ਼ਹਿਰ ਬੈਜਨਾਥ ਧੌਲਾਧਾਰ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੈ। ਇਤਿਹਾਸਕ ਪੱਖੋਂ ਇਹ ਕਸ਼ਮੀਰ ਅਤੇ ਪੰਜਾਬ ਤੋਂ ਤਿੱਬਤ ਦੇ ਵਪਾਰਕ ਰਾਹ ਉੱਤੇ ਅਹਿਮ ਸ਼ਹਿਰ ਸੀ। ਗੁਰੂ ਨਾਨਕ ਦੇ ਦੌਰ ਵਿੱਚ ਇਸ ਇਲਾਕੇ ਵਿੱਚ ਕਈ ਖ਼ੁਸ਼ਹਾਲ ਮੰਦਿਰ ਸਨ ਜੋ ਦੌਲਤਮੰਦ ਹੁਕਮਰਾਨ ਸ਼ਾਹੀ ਖਾਨਦਾਨ ਨੇ ਬਣਵਾਏ ਸਨ।

ਅਸੀਂ ਇਤਿਹਾਸਕ ਬੈਜਨਾਥ ਮੰਦਿਰ ਜਾ ਰਹੇ ਹਾਂ ਜੋ ਭਗਵਾਨ ਸ਼ਿਵ ਨੂੰ ਮਨਸੂਬ ਹੈ ਅਤੇ ਉਨ੍ਹਾਂ ਦੀ ਨੁਮਾਇੰਦਗੀ ਉਸਤਾਦ ਵੈਦ ਵਜੋਂ ਕੀਤੀ ਗਈ ਹੈ। ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਦੇ ਇਸ ਮੰਦਿਰ ਨੂੰ ਹਿੰਦੂ ਧਰਮ ਦਾ ਅਹਿਮ ਤੀਰਥ ਅਸਥਾਨ ਮੰਨਿਆ ਜਾਂਦਾ ਸੀ।

ਬੈਜਨਾਥ ਦਾ ਪਹਿਲਾ ਨਾਮ ਕੀੜਗਰਾਮ ਸੀ ਜਿਹੜਾ 'ਕੀੜ' ਅਤੇ 'ਗਰਾਮ' ਸ਼ਬਦਾਂ ਦੇ ਜਮ੍ਹਾਂਜੋੜ ਤੋਂ ਬਣਿਆ ਹੈ। 'ਗਰਾਮ' ਸ਼ਬਦ ਦਾ ਮਾਅਨਾ ਤਾਂ ਬਸਤੀ ਹੈ ਪਰ 'ਕੀੜ' ਸ਼ਬਦ ਦੇ ਮਾਅਨੇ ਬਾਰੇ ਰਾਇ ਵੱਖ-ਵੱਖ ਹੈ। ਕੁਝ ਲਿਖਤਾਂ ਵਿੱਚ ਦਰਜ ਹੈ ਕਿ ਇਸ ਦਾ ਹਵਾਲਾ 'ਕਿਰਤਾ' ਕਬੀਲਾ ਹੈ ਜੋ ਕਦੇ ਇੱਥੇ ਰਾਜ ਕਰਦਾ ਸੀ। 'ਵਿਲਾਇਤਵਾਲੀ ਜਨਮਸਾਖੀ' ਮੁਤਾਬਕ 'ਕੀੜ' ਦਾ ਮਤਲਬ ਕੀੜਾ ਹੈ।

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥
(ਰਾਗ ਮਾਝ, ਗੁਰੂ ਨਾਨਕ)

ਉਹ ਨਦੀਆਂ ਵਿੱਚ ਟਿੱਬੇ ਚੜ੍ਹਾ ਸਕਦਾ ਹੈ ਅਤੇ ਮਾਰੂਥਲਾਂ ਨੂੰ ਅਥਾਹ ਸਮੁੰਦਰ ਬਣਾ ਸਕਦਾ ਹੈ।
ਕਾਇਨਾਤੀ ਊਰਜਾ ਕੀੜੀ ਨੂੰ ਪਾਤਸ਼ਾਹ ਥਾਪ ਸਕਦੀ ਹੈ ਅਤੇ ਲਸ਼ਕਰਾਂ ਨੂੰ ਸੁਆਹ ਕਰ ਸਕਦੀ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਕਾਇਨਾਤੀ ਊਰਜਾ ਤਾਂ ਕੀੜੇ ਨੂੰ ਵੀ ਤਾਕਤਵਰ ਹਾਕਮ ਬਣਾ ਸਕਦੀ ਹੈ ਅਤੇ ਲਸ਼ਕਰਾਂ ਨੂੰ ਸੁਆਹ ਕਰ ਸਕਦੀ ਹੈ। ਛੋਟਾ ਜਾਂ ਵੱਡਾ ਹੋਣਾ ਤਾਂ ਬੇਮਾਅਨਾ ਹੈ। ਕੁਦਰਤ ਦੇ ਹਰ ਪੱਖ ਦਾ ਮਾਣ-ਸਤਿਕਾਰ ਕਰਨਾ ਹਮਵਜੂਦਗੀ ਲਈ ਅਹਿਮ ਹੈ। ਗੁਰੂ ਨਾਨਕ ਦੇ 'ਕੀੜੇ' ਬਾਰੇ ਸ਼ਬਦ ਤੋਂ ਮੈਂ ਇਹ ਸਿੱਖਿਆ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਬੈਜਨਾਥ ਤੋਂ ਪਾਰਵਤੀ ਵਾਦੀ ਦਾ ਸਫ਼ਰ ਕੀਤਾ ਜੋ ਮਣੀਕਰਨ ਪਿੰਡ ਦਾ ਇਲਾਕਾ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਬੈਜਨਾਥ ਤੋਂ ਪਾਰਵਤੀ ਵਾਦੀ ਵਿੱਚ ਮਣੀਕਰਨ ਜਾ ਰਹੇ ਹਾਂ ਜਿੱਥੇ ਪਾਰਵਤੀ ਨਦੀ ਦੇ ਕੰਢੇ ਇੱਕ ਗਰਮ ਪਾਣੀ ਦੇ ਝਰਨੇ ਦੇ ਲਾਗੇ ਇੱਕ ਮੰਦਿਰ ਅਤੇ ਇੱਕ ਗੁਰਦਵਾਰਾ ਹੈ।

ਬਾਬਾ ਨਾਰਾਇਣ ਹਰੀ ਨੇ ਉੱਨੀ ਸੌ ਚਾਲੀ ਈਸਵੀ ਵਿੱਚ ਗੁਰੂ ਨਾਨਕ ਦੇ ਹਿਮਾਚਲ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਮਣੀਕਰਨ ਸਾਹਿਬ ਗੁਰਦਵਾਰਾ ਬਣਾਇਆ ਸੀ। ਗੁਰੂ ਨਾਨਕ ਤਿੱਬਤ ਨੂੰ ਜਾਂਦੇ ਹੋਏ ਇਸ ਇਲਾਕੇ ਵਿੱਚ ਆਏ ਸਨ।

ਇਹ ਗੁਰਦਵਾਰਾ ਗੁਰੂ ਨਾਨਕ ਬਾਰੇ ਜ਼ਬਾਨੀ-ਕਲਾਮੀ ਚਲੀ ਆਉਂਦੀ ਇੱਕ ਕਥਾ ਕਾਰਨ ਮਸ਼ਹੂਰ ਹੈ ਜਿਸ ਦਾ ਜ਼ਿਕਰ ਪੁਰਾਣੀਆਂ 'ਜਨਮਸਾਖੀਆਂ' ਵਿੱਚ ਨਹੀਂ ਮਿਲਦਾ। ਇਸ ਕਥਾ ਮੁਤਾਬਕ ਮਣੀਕਰਨ ਪਿੰਡ ਵਿੱਚ ਗੁਰੂ ਨਾਨਕ ਨੂੰ ਖਾਣਾ ਪਕਾਉਣ ਲਈ ਲੱਕੜ ਨਾ ਮਿਲੀ ਤਾਂ ਉਨ੍ਹਾਂ ਨੇ ਪੱਥਰ ਚੁੱਕ ਕੇ ਹੇਠੋਂ ਗਰਮ ਪਾਣੀ ਦਾ ਝਰਨਾ ਕੱਢ ਲਿਆ। ਜਦੋਂ ਭਾਈ ਮਰਦਾਨਾ ਨੇ ਵੇਲ ਕੇ ਰੋਟੀ ਅਤੇ ਦਾਲਾਂ ਗਰਮ ਪਾਣੀ ਵਿੱਚ ਪਾਈਆਂ ਤਾਂ ਉਹ ਡੁੱਬ ਗਈਆਂ। ਕਥਾ ਇਹ ਸੁਨਾਈ ਜਾਂਦੀ ਹੈ ਕਿ ਗੁਰੂ ਨਾਨਕ ਦੀ ਸਲਾਹ ਉੱਤੇ ਭਾਈ ਮਰਦਾਨਾ ਨੇ ਐਲਾਨ ਕੀਤਾ ਕਿ ਉਹ ਤਾਉਮਰ ਪ੍ਰਮਾਤਮਾ ਨੂੰ ਸਮਰਪਿਤ ਰਹਿਣਗੇ। ਇਸ ਤੋਂ ਬਾਅਦ ਪੱਕਿਆ ਹੋਇਆ ਖਾਣਾ ਤੈਰਨ ਲੱਗਿਆ।

ਇਹ ਕਥਾ ਪਹਾੜੀ ਸ਼ੈਲੀ ਦੇ ਚਿੱਤਰ ਵਿੱਚ ਦਰਜ ਹੈ ਜੋ ਦਿੱਲੀ ਦੇ ਨੈਸ਼ਨਲ ਮਿਊਜ਼ੀਅਮ ਦੇ 'ਜਨਮਸਾਖੀ' ਕਲਾ ਸੰਗ੍ਰਹਿ ਵਿੱਚ ਸ਼ਾਮਿਲ ਹੈ।

ਅਜਿਹੀਆਂ ਕਥਾਵਾਂ ਬਾਰੇ ਸੋਚ ਕੇ ਮੈਂ ਹੈਰਾਨ ਹੁੰਦਾ ਹਾਂ ਕਿ ਕੀ ਇਹ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਡੂੰਘੇ ਸੁਨੇਹੇ ਦੀ ਥਾਹ ਪਾਉਣ ਦੀ ਨਾਕਾਬਲੀਅਤ ਹੈ ਜੋ ਅਸੀਂ ਅਲੌਕਿਕ ਵਾਕਿਆਤ ਦਾ ਮਹਿਮਾਗਾਨ ਕਰਦੇ ਹਾਂ। ਮੇਰੀ ਨਿਮਾਣੀ ਸਮਝ ਮੁਤਾਬਕ ਖਾਣੇ ਦਾ ਡੁੱਬ ਜਾਣਾ ਹਉਮੈਂ ਵਾਲੀ ਸੋਚ ਕਾਰਨ ਉਪਜੇ ਦੁੱਖਾਂ ਦੇ ਡੁੱਬਣ ਦੀ ਨੁਮਾਇੰਦਗੀ ਕਰਦਾ ਹੈ ਅਤੇ ਖਾਣੇ ਦਾ ਨਿਕਲ ਆਉਣਾ ਕੁਦਰਤ ਦਾ ਹੁਕਮ ਮੰਨਣ ਨਾਲ ਹੁੰਦੇ ਬੁਲੰਦ ਹੌਸਲੇ ਦੀ ਪੇਸ਼ਕਾਰੀ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈਂ ਕਹੈ ਨ ਕੋਇ॥
(ਜਪੁ, ਗੁਰੂ ਨਾਨਕ)

ਸਭ ਕੁਝ ਕੁਦਰਤ ਦੇ ਹੁਕਮ ਵਿੱਚ ਹੈ ਉਸ ਦੇ ਹੁਕਮ ਤੋਂ ਬਾਹਰ ਕੁਝ ਨਹੀਂ।
ਨਾਨਕ ਨੇ ਫ਼ਰਮਾਇਆ, ਜੋ ਉਸ ਦੇ ਹੁਕਮ ਨੂੰ ਬੁਝ ਲੈਂਦਾ ਹੈ, ਉਹ ਹਉਮੈ ਦੇ ਬੋਲ ਨਹੀਂ ਬੋਲਦਾ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪਾਰਵਤੀ ਵਾਦੀ ਤੋਂ ਸਪਿਤੀ ਵਾਦੀ ਰਾਹੀਂ ਹੁੰਦੇ ਹੋਏ ਸ਼ਿਪਕੀ ਦੱਰਾ ਪਾਰ ਕੀਤਾ ਅਤੇ ਤਿੱਬਤ ਵਿੱਚ ਸਾਪਰਾਂਗ ਦੀ ਚੜ੍ਹਾਈ ਚੜ੍ਹ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਮਣੀਕਰਨ ਤੋਂ ਸਪਿਤੀ ਵਾਦੀ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਸ ਮੁਸ਼ਕਲ ਇਲਾਕੇ ਵਿੱਚੋਂ ਸਫ਼ਰ ਕੀਤਾ ਜੋ ਬੰਜਰ ਪਹਾੜਾਂ ਨਾਲ ਘਿਰਿਆ ਹੋਇਆ ਹੈ। ਭਾਰੀ ਬਰਫ਼ਵਾਰੀ ਹੋਣ ਕਾਰਨ ਕੁਦਰਤੀ ਨਜ਼ਾਰਿਆਂ ਵਾਲੀ ਇਸ ਵਾਦੀ ਦਾ ਰਸਤਾ ਸਾਲ ਵਿੱਚ ਚਾਰ ਮਹੀਨੇ ਲਈ ਖੁੱਲ੍ਹਦਾ ਹੈ ਅਤੇ ਬਾਕੀ ਸਮਾਂ ਇਸ ਇਲਾਕਾ ਵਿੱਚ ਪਹੁੰਚਣਾ ਮੁਸ਼ਕਿਲ ਹੋ ਜਾਂਦਾ ਹੈ। ਸਪਿਤੀ ਵਾਦੀ ਵਿੱਚ ਗੁਰੂ ਨਾਨਕ ਦੀ ਕੋਈ ਮਾਦੀ ਯਾਦਗਾਰ ਨਹੀਂ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੋ-ਤਿੱਬਤੀਅਨ ਸਰਹੱਦ ਨੂੰ ਪਾਰ ਕਰਨਾ ਮੁਮਕਿਨ ਨਹੀਂ ਹੈ। ਇਸ ਲਈ ਅਸੀਂ ਚੀਨ ਵਿੱਚੋਂ ਹੋ ਕੇ ਤਿੱਬਤ ਦੇ ਪਠਾਰ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰ ਰਹੇ ਹਾਂ।

**ਅਮਰਦੀਪ ਸਿੰਘ:** ਔਸਤਨ ਸੋਲ੍ਹਾਂ ਹਜ਼ਾਰ ਮੀਟਰ ਦੀ ਉੱਚਾਈ ਉੱਤੇ ਤਿੱਬਤ ਦੁਨੀਆ ਦੀ ਛੱਤ ਵਜੋਂ ਜਾਣਿਆ ਜਾਂਦਾ ਹੈ। ਇੱਥੇ ਰੂਹਾਨੀ ਹੁਲਾਰ ਮਿਲਦਾ ਹੈ ਪਰ ਇਸ ਇਲਾਕੇ ਦੀ ਉਚਾਈ, ਤਿੱਖੀਆਂ ਹਨੇਰੀਆਂ ਅਤੇ ਹਲਕੀ ਹਵਾ ਇਸ ਨੂੰ ਮੁਸ਼ਕਿਲ ਖਿੱਤਾ ਬਣਾ ਦਿੰਦੇ ਹਨ।

ਬੌਨ ਤਿੱਬਤ ਦੇ ਲੋਕਾਂ ਦਾ ਪੁਰਾਤਨ ਮੁਕਾਮੀ ਮਜ਼ਹਬ ਸੀ ਜੋ ਸਰਬ ਆਤਮਵਾਦੀ ਅਤੇ ਤੰਤਰਵਾਦੀ ਸੀ। ਇਸ ਇਲਾਕੇ ਵਿੱਚ ਅੱਠਵੀਂ ਸਦੀ ਦੌਰਾਨ ਬੁੱਧ ਧਰਮ ਇੰਡੀਆ ਤੋਂ ਆਇਆ। ਬੋਧੀ ਅਤੇ ਹਿੰਦੂ ਧਰਮ ਦੇ ਬੌਨ ਅਕੀਦਿਆਂ ਨਾਲ ਰਲ਼ੇਵੇਂ ਵਿੱਚੋਂ ਤਿੱਬਤੀ ਬੁੱਧ ਮਤ ਦਾ ਵਿਗਾਸ ਹੋਇਆ ਹੈ ਜੋ ਨਿਰਾਲਾ ਦਸਤੂਰ ਹੈ।

ਤਿੱਬਤੀ ਪਠਾਰ ਉੱਤੇ ਸਫ਼ਰ ਕਰਦੇ ਹੋਏ ਅਸੀਂ ਸਤਲੁਜ ਨਦੀ ਦੀ ਘਾਟੀ ਵਿੱਚੋਂ ਇਤਿਹਾਸਕ ਸ਼ਹਿਰ ਸਾਪਰਾਂਗ ਜਾ ਰਹੇ ਹਾਂ। ਇਹ ਸ਼ਹਿਰ ਦਸਵੀਂ ਸਦੀ ਵਿੱਚ ਗੁਗੀ ਸਲਤਨਤ ਨੇ ਵਸਾਇਆ ਅਤੇ ਇੱਥੋਂ ਦੇ ਲੋਕ ਬੁੱਧ ਧਰਮ ਨੂੰ ਮੰਨਦੇ ਸਨ।

**ਅਮਰਦੀਪ ਸਿੰਘ:** ਸਪਿਤੀ ਵਾਦੀ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਤਿੱਬਤ ਦੇ ਸਾਪਰਾਂਗ ਇਲਾਕੇ ਵਿੱਚ ਪਹੁੰਚੇ ਜੋ ਗੁਗੀ ਸਲਤਨਤ ਵਿੱਚ ਸੀ। ਜਦੋਂ ਗੁਰੂ ਨਾਨਕ ਇਸ ਇਲਾਕੇ ਵਿੱਚ ਆਏ ਤਾਂ ਇਨ੍ਹਾਂ ਗੁਫ਼ਾਵਾਂ ਵਿੱਚ ਵਸਦੀ ਵੱਡੀ ਆਬਾਦੀ ਤਿੱਬਤੀ ਬੋਧ ਮਤ ਨੂੰ ਮੰਨਦੀ ਸੀ।

ਗੁਗੀ ਸਲਤਨਤ ਦੀ ਆਬਾਦੀ ਪਿਰਾਮਿਡ ਰੂਪੀ ਪਹਾੜੀ ਚੋਟੀਆਂ ਉੱਤੇ ਵਸੇਬ ਕਰਦੀ ਸੀ ਜਿੱਥੇ ਗ਼ਲਿਆਰਿਆਂ ਦੁਆਲੇ ਬਹੁ-ਮੰਜ਼ਿਲਾ ਬਸਤੀਆਂ ਸਨ ਜਿਨ੍ਹਾਂ ਵਿਚਲੇ ਰਾਹ, ਗੁਫ਼ਾਵਾਂ ਅਤੇ ਖਿੜਕੀਆਂ ਪੁਰਾਤਨ ਸਮੁੰਦਰ ਦੇ ਭਰਤੀ ਕੀਤੇ ਪੱਥਰਾਂ ਦੀਆਂ ਬਣੀਆਂ ਹੋਈਆਂ ਸਨ। ਸਭ ਤੋਂ ਹੇਠਾਂ ਆਮ ਸ਼ਹਿਰੀਆਂ ਦੀ ਰਿਹਾਇਸ਼ ਸੀ। ਪਹਿਲੀ ਮੰਜ਼ਿਲ ਉੱਤੇ ਮੰਦਿਰ ਅਤੇ ਭਿਕਸ਼ੂਆਂ ਦੀਆਂ ਰਿਹਾਇਸ਼ੀ ਇਮਾਰਤਾਂ ਸਨ। ਉਸ ਤੋਂ ਉੱਪਰਲੀ ਮੰਜ਼ਿਲ ਉੱਤੇ ਸ਼ਾਹੀ ਪਰਿਵਾਰ ਦੇ ਜੀਅ ਰਹਿੰਦੇ ਸਨ। ਸਭ ਤੋਂ ਉੱਚੀ ਖ਼ਾਲੀ ਥਾਂ ਉੱਤੇ ਸ਼ਾਹੀ ਮਹਿਲ ਸੀ। ਇਹ ਦਿਲਚਸਪ ਹੈ ਕਿ ਇਸ ਸਲਤਨਤ ਦੀ ਸ਼ਾਨਦਾਰ ਸੱਭਿਅਤਾ ਸਤਾਰ੍ਹਵੀਂ ਸਦੀ ਵਿੱਚ ਰਹੱਸਮਈ ਢੰਗ ਨਾਲ ਗੁਆਚ ਗਈ।

ਜਦੋਂ ਗੁਰੂ ਨਾਨਕ ਇੱਥੇ ਆਏ ਤਾਂ ਇਹ ਇਲਾਕਾ ਵਿਗਾਸ ਦੇ ਤਜਰਬੇ ਵਿੱਚੋਂ ਗੁਜ਼ਰ ਰਿਹਾ ਸੀ ਜੋ ਵੰਨ-ਸਵੰਨੇ ਅਕੀਦਿਆਂ ਅਤੇ ਤਹਿਜ਼ੀਬਾਂ ਦੇ ਮੇਲ਼ ਦਾ ਨਤੀਜਾ ਸੀ।

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥
(ਸਿਰੀ ਰਾਗ, ਗੁਰੂ ਨਾਨਕ)

ਜੇ ਮੈਂ ਪੰਛੀ ਹੁੰਦਾ ਜੇ ਮੈਂ ਪੰਛੀ ਹੁੰਦਾ ਤਾਂ ਅਨੰਤ ਅਸਮਾਨਾਂ ਵਿੱਚ ਉਡਾਰੀਆਂ ਭਰਦਾ।
ਜੇ ਮੈਂ ਅਦ੍ਰਿਸ਼ ਹੁੰਦਾ ਨਾ ਮੈਨੂੰ ਭੁੱਖ ਲੱਗਦੀ ਅਤੇ ਨਾ ਪਿਆਸ।
ਤਾਂ ਵੀ ਮੈਂ ਤੇਰੀ ਕੀਮਤ ਦਾ ਅੰਦਾਜ਼ਾ ਨਹੀਂ ਲਗਾ ਸਕਦਾ ਸੀ। ਤਾਂ ਮੈਂ ਤੇਰੀ ਮਹਿਮਾ ਕਿਵੇਂ ਬਿਆਨ ਕਰ ਸਕਦਾ ਹਾਂ?
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਜੇ ਕੋਈ ਕਿਸੇ ਅਲੌਕਿਕ ਤਾਕਤ ਨੂੰ ਹਾਸਿਲ ਕਰ ਕੇ ਉੱਚੀਆਂ ਉਡਾਨਾਂ ਭਰਦਾ ਹੈ ਤਾਂ ਵੀ ਸੋਚ-ਵਿਚਾਰ ਦੇ ਮੁਕਾਬਲੇ ਉਸ ਦੀ ਕੀਮਤ ਘੱਟ ਹੈ। ਸੋਚ-ਵਿਚਾਰ ਦੀ ਤਾਕਤ ਮਨੁੱਖ ਨੂੰ ਉਸ ਦੇ ਆਪੇ ਦਾ ਅਹਿਸਾਸ ਕਰਵਾਉਂਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਾਪਰਾਂਗ ਤੋਂ ਪੂਰਬ ਵਾਲੇ ਪਾਸੇ ਨੂੰ ਕੈਲਾਸ਼ ਪਰਬਤ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਤਿੱਬਤੀ ਪਠਾਰ ਉੱਤੇ ਕੈਲਾਸ਼ ਪਰਬਤ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਮੁੰਦਰ ਤੋਂ ਇੱਕੀ ਹਜ਼ਾਰ ਅੱਠ ਸੌ ਫੁੱਟ ਦੀ ਉਚਾਈ ਉੱਤੇ ਕੈਲਾਸ਼ ਪਰਬਤ ਤਿੱਬਤੀ ਪਠਾਰ ਵਿੱਚੋਂ ਨਿਕਲਦੇ ਮੰਦਿਰ ਦੇ ਗੁੰਬਦ ਵਰਗਾ ਲਗਦਾ ਹੈ। ਕੈਲਾਸ਼ ਨੂੰ 'ਸੁਮੇਰੂ' ਵੀ ਕਿਹਾ ਜਾਂਦਾ ਹੈ। 'ਮੇਰੂ' ਗ਼ੈਰ-ਮਾਦੀ ਹੋਂਦ ਦੇ ਮਰਕਜ਼ ਨੂੰ ਪੇਸ਼ ਕਰਦਾ ਹੈ ਅਤੇ 'ਸੁ' ਦਾ ਮਾਅਨਾ ਸਰਬੋਤਮ ਹੈ। ਕੈਲਾਸ਼ ਪਰਬਤ ਨੂੰ ਗ਼ੈਰ-ਮਾਦੀ ਹੋਂਦ ਦਾ ਮਰਕਜ਼ ਸ਼ਾਇਦ ਇਸ ਲਈ ਮੰਨਿਆ ਜਾਂਦਾ ਹੈ ਕਿਉਂਕਿ ਇਸ ਪਹਾੜ ਤੋਂ

ਏਸ਼ੀਆ ਮਹਾਂਦੀਪ ਦੀਆਂ ਚਾਰ ਅਹਿਮ ਨਦੀਆਂ ਉਗਮਦੀਆਂ ਹਨ। ਇਹ ਨਦੀਆਂ ਬ੍ਰਹਮਪੁੱਤਰ, ਸਤਲੁਜ, ਸਿੰਧੂ ਅਤੇ ਗੰਗਾ ਦਾ ਸਰੋਤ ਮੰਨੀ ਜਾਣ ਵਾਲੀ ਕਰਨਾਲੀ ਹਨ।

ਸਦੀਆਂ ਤੋਂ ਹਿੰਦੂ, ਬੋਧੀ, ਜੈਨ ਅਤੇ ਬੌਨ ਜ਼ਿਆਰਤੀ ਆਪਣੇ-ਆਪਣੇ ਅਕੀਦਿਆਂ ਦੀ ਮਾਨਤਾ ਮੁਤਾਬਕ ਕੈਲਾਸ਼ ਪਰਬਤ ਦੀ ਪਰਕਰਮਾ ਕਰਦੇ ਰਹੇ ਹਨ। ਹਿੰਦੂ ਤਾਂ ਕੈਲਾਸ਼ ਪਰਬਤ ਨੂੰ ਭਗਵਾਨ ਸ਼ਿਵ ਦਾ ਨਿਵਾਸ ਮੰਨਦੇ ਹਨ।

ਗੁਰੂ ਨਾਨਕ ਦੀ ਸਾਖੀ ਦੇ ਪਹਿਲੇ ਲਿਖਾਰੀ ਭਾਈ ਗੁਰਦਾਸ ਨੇ ਉਨ੍ਹਾਂ ਦੀ ਕੈਲਾਸ਼ ਪਰਬਤ ਦੀ ਯਾਤਰਾ ਦਾ ਵੇਰਵਾ ਦਿੱਤਾ ਹੈ।

ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ॥
(ਭਾਈ ਗੁਰਦਾਸ)

ਫਿਰ ਉਹ ਸੁਮੇਰ ਚੜ੍ਹ ਗਏ ਜਿੱਥੇ ਉਨ੍ਹਾਂ ਨੂੰ ਸਿੱਧਾਂ ਦੀ ਮੰਡਲੀ ਦਿਖਾਈ ਦਿੱਤੀ।
(ਭਾਈ ਗੁਰਦਾਸ)

ਸੰਸਕ੍ਰਿਤ ਦੇ ਸ਼ਬਦ 'ਸਿੱਧ' ਦੀ ਵਰਤੋਂ ਉਨ੍ਹਾਂ ਲੋਕਾਂ ਲਈ ਹੁੰਦੀ ਹੈ ਜਿਨ੍ਹਾਂ ਨੇ ਉੱਚੇ ਪੱਧਰ ਦੀ ਹਕੀਕੀ ਅਤੇ ਰੂਹਾਨੀ ਕਾਬਲੀਅਤ ਹਾਸਿਲ ਕਰ ਲਈ ਹੈ। ਗੁਰੂ ਨਾਨਕ ਦੇ 'ਸਿੱਧਾਂ' ਨਾਲ ਵੱਖ-ਵੱਖ ਥਾਂਵਾਂ ਉੱਤੇ ਹੋਏ ਗੋਸ਼ਟਿ ਨੂੰ 'ਸਿੱਧ ਗੋਸ਼ਟਿ' ਦੇ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਿਆ ਹੈ।

ਕੈਲਾਸ਼ ਪਰਬਤ ਉੱਤੇ ਗੁਰੂ ਨਾਨਕ ਦੀ ਮੁਲਾਕਾਤ 'ਸਿੱਧਾਂ' ਨਾਲ ਹੋਈ ਜਿਨ੍ਹਾਂ ਨੇ ਉਨ੍ਹਾਂ ਨੂੰ ਰੂਹਾਨੀ ਗੋਸ਼ਟਿ ਕਰਨ ਦਾ ਸੱਦਾ ਦਿੱਤਾ। 'ਸਿੱਧ' ਇਲਾਹੀ ਦਾ ਅਹਿਸਾਸ ਕਰਨ ਲਈ ਸਮਾਜ ਅਤੇ ਪਰਿਵਾਰਕ ਜੀਵਨ ਤੋਂ ਕਿਨਾਰਾ ਕਰਨ ਨੂੰ ਤਰਜੀਹ ਦਿੰਦੇ ਹਨ ਜਦ ਕਿ ਗੁਰੂ ਨਾਨਕ ਦਾ ਭਰੋਸਾ ਹੈ ਕਿ ਸਮਾਜ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਹੀ ਰੂਹਾਨੀ ਉਚਾਈਆਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ 'ਸਿੱਧ ਗੋਸ਼ਟਿ' ਦਾ ਪਹਿਲਾਂ ਸ਼ਬਦ ਦਰਸਾਉਂਦਾ ਹੈ ਕਿ ਫ਼ਲਸਫ਼ੀ ਸੰਵਾਦ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਨਾਨਕ ਅਤੇ 'ਸਿੱਧਾਂ' ਨੇ ਇੱਕ-ਦੂਜੇ ਨੂੰ ਸਿਜਦਾ ਕੀਤਾ।

ਗੁਰੂ ਨਾਨਕ ਗਿਆਨ ਦੀ ਆਰਜ਼ੂਮੰਦੀ ਅਤੇ ਇਸ ਨੂੰ ਵਰਤਾਉਣ ਦੇ ਮੁਦਈ ਸਨ। ਉਨ੍ਹਾਂ ਨੇ 'ਸਿੱਧਾਂ' ਨੂੰ ਸੁਆਲ ਕੀਤਾ ਕਿ ਜਦੋਂ ਉਨ੍ਹਾਂ ਦੀ ਹਾਸਿਲ ਕੀਤੀ ਰੂਹਾਨੀ ਉੱਤਮਤਾ ਨੂੰ ਵਰਤਾਉਣ ਨਾਲ ਸਮਾਜ ਦਾ ਭਲਾ ਹੋ ਸਕਦਾ ਹੈ ਤਾਂ ਉਹ ਆਪਣੇ-ਆਪ ਨੂੰ ਅੱਡ ਕਿਉਂ ਰੱਖਦੇ ਹਨ।

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥

---

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥
(ਰਾਗ ਰਾਮਕਲੀ, ਗੁਰੂ ਨਾਨਕ)

ਸਿੱਧਾਂ ਦੀ ਹਾਜ਼ਰੀ ਵਿੱਚ ਜੁੜੀ, ਸੰਤਾਂ ਦੀ ਸੰਗਤ ਵਿੱਚ ਜੈਕਾਰੇ ਗੂੰਜਦੇ ਹਨ।
ਅਸੀਂ ਸਿਜਦਾ ਕਰਦੇ ਹਾਂ ਸੱਚੇ, ਅਨੰਤ, ਅਪਾਰ ਨੂੰ।
ਮੈਂ ਆਪਣੀ ਹਉਮੈ, ਤਨ ਅਤੇ ਮਨ ਦਾ ਨਿਵਾਰਨ ਕਰਦਾ ਹਾਂ।
ਨਾਨਕ ਨੇ ਆਖਿਆ ਕਿ ਨਿਮਾਣਿਆਂ ਦੀ ਸੰਗਤ ਵਿੱਚ ਸੱਚ ਨਸੀਬ ਹੁੰਦਾ ਹੈ ਆਪਣਾ-ਆਪ ਕਬੂਲ ਕਰ ਕੇ।
ਆਲੇ-ਦੁਆਲੇ ਭਟਕਣ ਦਾ ਕੋਈ ਮਤਲਬ ਨਹੀਂ।
ਪਾਕੀਜ਼ਗੀ ਸਿਰਫ਼ ਸੱਚ ਰਾਹੀਂ ਮਿਲਦੀ ਹੈ। ਵਿਵੇਕ ਤੋਂ ਬਿਨਾਂ ਰੂਹਾਨੀ ਮੁਕਤੀ ਨਹੀਂ ਮਿਲ ਸਕਦੀ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਉਨ੍ਹਾਂ ਲੋਕਾਂ ਦੀ ਸੰਗਤ ਵਿੱਚ ਮੋਕਸ਼ ਮਿਲਦਾ ਹੈ ਜਿਨ੍ਹਾਂ ਨੇ ਆਪਣੀਆਂ ਲਾਲਸਾਵਾਂ ਨੂੰ ਤ੍ਰਿਪਤ ਕਰ ਲਿਆ ਹੈ ਅਤੇ ਆਪਣੇ ਕੁਦਰਤੀ ਗਿਆਨ ਨਾਲ ਰੂਹਾਨੀ ਫ਼ਿਤਰਤ ਬਣਾ ਲਈ ਹੈ।

ਅਸੀਂ ਹੁਣ ਮਾਨਸਰੋਵਰ ਤਾਲ ਜਾ ਰਹੇ ਹਾਂ ਜੋ ਕੈਲਾਸ਼ ਪਰਬਤ ਦੇ ਬਿਲਕੁਲ ਨੇੜੇ ਹੈ।

**ਅਮਰਦੀਪ ਸਿੰਘ:** ਮਾਨਸਰੋਵਰ ਤਾਲ ਸਮੁੰਦਰ ਤੋਂ ਪੰਦਰ੍ਹਾਂ ਹਜ਼ਾਰ ਫੁੱਟ ਦੀ ਉਚਾਈ ਉੱਤੇ ਦੁਨੀਆ ਦਾ ਸਭ ਤੋਂ ਉੱਚਾ ਨਿਰਮਲ ਪਾਣੀ ਦਾ ਤਾਲ ਹੈ। ਮਾਨਸਰੋਵਰ ਦੋ ਸ਼ਬਦਾਂ ਦਾ ਜਮ੍ਹਾਂਜੋੜ ਹੈ, 'ਮਾਨਸ' ਅਤੇ 'ਸਰੋਵਰ'। 'ਮਾਨਸ' ਦਾ ਮਲਤਬ ਮਨ ਅਤੇ 'ਸਰੋਵਰ' ਦਾ ਮਾਅਨਾ ਤਾਲ ਹੈ। ਤਾਲ ਦਾ ਨਿਰਮਲ ਅਤੇ ਠੰਢਾ ਪਾਣੀ ਅਮਨ, ਚੈਨ ਅਤੇ ਖ਼ੁਦਾਈ ਦਾ ਅਹਿਸਾਸ ਜਗਾਉਂਦਾ ਹੈ। ਇਸੇ ਕਾਰਨ ਗ੍ਰੰਥਾਂ ਵਿੱਚ ਮਾਨਸਰੋਵਰ ਤਾਲ ਨੂੰ ਇਨਸਾਨ ਦੀ ਸਦਗੁਣਾਂ ਦੀ ਤਾਂਘ ਨਾਲ ਜੋੜਿਆ ਗਿਆ ਹੈ।

ਪੁਰਾਤਨ ਗ੍ਰੰਥਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਚਿੱਟੇ ਹੰਸ ਮਾਨਸਰੋਵਰ ਤਾਲ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੀ ਬਿਰਤੀ ਨਿਰਮਲ ਪਾਣੀ ਵਿੱਚ ਲੁਕੇ ਮੋਤੀਆਂ ਨੂੰ ਲੱਭਣ ਵਿੱਚ ਲੱਗੀ ਰਹਿੰਦੀ ਹੈ। ਇਸ ਮਿਥਿਹਾਸ ਨਾਲ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆਉਂਦਾ ਹੈ।

ਗੁਰੁ ਸਰਵਰੁ ਹਮ ਹੰਸ ਪਿਆਰੇ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ॥
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥
(ਰਾਗ ਮਾਰੂ, ਗੁਰੂ ਨਾਨਕ)

ਰੂਹਾਨੀ ਵਿਵੇਕ ਹੀ ਪਵਿੱਤਰ ਸਰੋਵਰ ਹੈ ਅਤੇ ਅਸੀਂ ਪਿਆਰੇ ਦੇ ਸਰੋਵਰ ਵਿਚਲੇ ਹੰਸ ਹਾਂ।
ਦੁਨੀਆਵੀ ਸਮੁੰਦਰ ਵਿੱਚ ਬਹੁਤ ਸਾਰੇ ਫ਼ਲਸਫੇ ਹਨ ਜੋ ਬੇਸ਼ਕੀਮਤੀ ਰਤਨਾਂ ਵਰਗੇ ਹਨ।

ਰੂਹਾਨੀ ਵਿਵੇਕ ਤਾਂ ਮੋਤੀਆਂ ਮਣਕਿਆਂ ਅਤੇ ਹੀਰਿਆਂ ਸਮਾਨ ਹੈ ਜਿਸ ਨਾਲ ਮਨ ਅਤੇ ਤਨ ਇਲਾਹੀ ਬਖ਼ਸ਼ਿਸ਼ ਨਾਲ ਸਰਸ਼ਾਰ ਹੋ ਜਾਂਦਾ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਅਗਿਆਨਤਾ ਵਿੱਚੋਂ ਬਾਹਰ ਕੱਢਣ ਲਈ ਅਗਵਾਈ ਵਾਲੀ ਤਾਕਤ ਪਵਿੱਤਰ ਸਰੋਵਰ ਅਤੇ ਸਿੱਖਿਆ ਦੇ ਮੌਕਿਆਂ ਦੀ ਭਾਲ ਵਿੱਚ ਸਮਰਪਿਤ ਹੰਸ ਹੀ ਆਰਜ਼ੂਮੰਦ ਹੈ। ਇਹ ਮੌਕੇ ਨਾਯਾਬ ਹੀਰਿਆਂ ਸਮਾਨ ਹਨ।

ਹਿੰਦੂ, ਬੋਧੀ, ਜੈਨ ਅਤੇ ਬੌਨ ਕੈਲਾਸ਼ ਪਰਬਤ ਦੇ ਤੀਰਥ ਦੌਰਾਨ ਮਾਨਸਰੋਵਰ ਤਾਲ ਦੀ ਪਰਕਰਮਾ ਕਰਦੇ ਹਨ। ਉਨ੍ਹਾਂ ਦਾ ਯਕੀਨ ਹੈ ਕਿ ਮਾਨਸਰੋਵਰ ਦੇ ਪਾਣੀ ਵਿੱਚ ਨਿਵਾਰਨ ਸ਼ਕਤੀ ਹੈ ਜਿਸ ਕਾਰਨ ਇਸ ਤਾਲ ਵਿੱਚ ਡੁਬਕੀ ਲਗਾਉਣ ਨਾਲ ਰੂਹਾਂ ਦੇ ਪਾਪ ਅਤੇ ਜਿਸਮਾਂ ਦੇ ਮਰਜ਼ ਝੜ ਜਾਂਦੇ ਹਨ।

ਅਸੀਂ ਕੈਲਾਸ਼ ਪਰਬਤ ਅਤੇ ਮਾਨਸਰੋਵਰ ਤਾਲ ਦੇ ਲਾਗੇ ਰਾਕਸ਼ਸ਼ ਤਾਲ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਮੁੰਦਰ ਤੋਂ ਉਚਾਈ ਚੌਦਾਂ ਹਜ਼ਾਰ ਫੁੱਟ ਦੀ ਉਚਾਈ ਉੱਤੇ, ਰਾਕਸ਼ਸ਼ ਤਾਲ, ਕੈਲਾਸ਼ ਪਰਬਤ ਅਤੇ ਮਾਨਸਰੋਵਰ ਤਾਲ ਦੇ ਨੇੜੇ ਹੈ। ਰਾਕਸ਼ਸ਼ ਤਾਲ ਦੋ ਸ਼ਬਦਾਂ ਦਾ ਜਮ੍ਹਾਂਜੋੜ ਹੈ, 'ਰਾਕਸ਼ਸ਼' ਦਾ ਮਾਅਨਾ ਸ਼ੈਤਾਨ ਅਤੇ 'ਤਾਲ' ਦਾ ਮਾਅਨਾ ਸਰੋਵਰ ਹੈ। ਮਾਨਸਰੋਵਰ ਤਾਲ ਦੇ ਬਿਲਕੁਲ ਉਲਟ ਰਾਕਸ਼ਸ਼ ਤਾਲ ਦਾ ਪਾਣੀ ਕਾਲਾ ਅਤੇ ਖਾਰਾ ਹੈ। ਇਸ ਪਾਣੀ ਵਿੱਚ ਕੋਈ ਜੀਅ ਨਹੀਂ ਪਲਦਾ। ਇਸੇ ਕਾਰਨ ਗ੍ਰੰਥਾਂ ਵਿੱਚ ਰਾਕਸ਼ਸ਼ ਤਾਲ ਦਾ ਜ਼ਿਕਰ ਮਨੁੱਖੀ ਮਨ ਦੇ ਔਗੁਣਾਂ ਦੀ ਤਸ਼ਬੀਹੀ ਨੁਮਾਇੰਦਗੀ ਵਜੋਂ ਆਉਂਦਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਇਸ ਤਾਲ ਨੂੰ ਦੇਖਣ ਭਰ ਨਾਲ ਬਦਕਿਸਮਤੀ ਅਤੇ ਦੁੱਖ ਆ ਪੈਂਦੇ ਹਨ। ਕੈਲਾਸ਼ ਪਰਬਤ ਅਤੇ ਮਾਨਸਰੋਵਰ ਤਾਲ ਦੀ ਜ਼ਿਆਰਤ ਲਈ ਆਉਣ ਵਾਲੇ ਜ਼ਿਆਰਤੀ ਰਾਕਸ਼ਸ਼ ਤਾਲ ਨੂੰ ਅਸ਼ੁੱਭ ਮੰਨਦੇ ਹਨ।

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
(ਜਪੁ, ਗੁਰੂ ਨਾਨਕ)

ਗਾਉਣ-ਸੁਣਨ ਦਾ ਭਾਵ ਆਪਣੇ ਮਨ ਵਿੱਚ ਵਸਾ ਲਓ।
ਦੁੱਖ ਹਰਿਆ ਜਾਏਗਾ ਅਤੇ ਸੁੱਖ ਘਰ ਆਏਗਾ।
(ਜਪੁ, ਗੁਰੂ ਨਾਨਕ)

ਮਿੱਥਾਂ ਵਿੱਚ ਕੁਝ ਮਾਦੀ ਤੱਤ ਹੀ ਰਾਕਸ਼ੀ ਤਾਕਤ ਵਜੋਂ ਦਰਜ ਹੁੰਦੇ ਹਨ ਜੋ ਦੁੱਖ ਦਿੰਦੇ ਹਨ। ਗੁਰੂ ਨਾਨਕ ਨੇ ਆਖਿਆ ਕਿ ਮਨੁੱਖ ਦੇ ਅੰਦਰ ਵਸੇ ਵਿਕਾਰ ਹੀ ਰਾਕਸ਼ ਹਨ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਹਾਂਪੱਖੀ

ਇਰਾਦਿਆਂ ਦੀ ਸਾਂਝ ਪਾਉਣਾ, ਇਨ੍ਹਾਂ ਦਾ ਆਸਰਾ ਲੈਣਾ ਅਤੇ ਇਨ੍ਹਾਂ ਨਾਲ ਇੱਕਮਿੱਕ ਹੋਣਾ ਜ਼ਰੂਰੀ ਹੈ ਜਿਸ ਨਾਲ ਚੈਨ ਅਤੇ ਖ਼ੁਸ਼ੀ ਮਿਲਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੈਲਾਸ਼ ਪਰਬਤ ਤੋਂ ਉੱਤਰ ਵਾਲੇ ਪਾਸੇ ਨੂੰ ਪੈਂਗੌਂਗ ਤਾਲ ਦਾ ਸਫ਼ਰ ਕੀਤਾ ਅਤੇ ਲੱਦਾਖ ਵਿੱਚੋਂ ਹੋ ਕੇ ਲੇਹ ਪਹੁੰਚ ਗਏ।
ਅਸੀਂ ਤਿੱਬਤ ਵਿੱਚ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਪੈਂਗੌਂਗ ਤਾਲ ਜਾ ਰਹੇ ਹਾਂ ਜੋ ਇੰਡੋ-ਤਿੱਬਤੀਅਨ ਸਰਹੱਦ ਉੱਤੇ ਹੈ।

**ਅਮਰਦੀਪ ਸਿੰਘ:** ਪੈਂਗੌਂਗ ਸਮੁੰਦਰ ਤੋਂ ਚੌਦਾਂ ਹਜ਼ਾਰ ਫੁੱਟ ਦੀ ਉਚਾਈ ਉੱਤੇ ਇੱਕ ਸੌ ਛੱਤੀ ਕਿਲੋਮੀਟਰ ਦੀ ਤਾਲ ਹੈ ਜੋ ਇੰਡੀਆ ਦੇ ਲੱਦਾਖ ਅਤੇ ਤਿੱਬਤ ਵਿੱਚ ਪੈਂਦੀ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਪੈਂਗੌਂਗ ਤਾਲ ਵਾਲੇ ਇਲਾਕੇ ਵਿੱਚੋਂ ਹੁੰਦੇ ਹੋਏ ਤਿੱਬਤ ਤੋਂ ਰੁਖ਼ਸਤ ਹੋਏ।

ਪੈਂਗੌਂਗ ਤਾਲ ਦੇ ਲਾਗੇ-ਲਾਗੇ ਸਫ਼ਰ ਕਰਦੇ ਹੋਏ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਲੱਦਾਖ ਦੇ ਸ਼ਹਿਰ ਲੇਹ ਦੀ ਯਾਤਰਾ ਕੀਤੀ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੋ-ਤਿੱਬਤੀਅਨ ਸਰਹੱਦ ਨੂੰ ਪਾਰ ਕਰਨਾ ਮੁਮਕਿਨ ਨਹੀਂ ਹੈ। ਇਸ ਲਈ ਅਸੀਂ ਚੀਨ ਵਿੱਚੋਂ ਹੋ ਕੇ ਹਵਾਈ ਜਹਾਜ਼ ਰਾਹੀਂ ਇੰਡੀਆ ਜਾ ਰਹੇ ਹਾਂ ਅਤੇ ਲੇਹ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਲੇਹ ਇੰਡੀਆ ਦੇ ਲੱਦਾਖ ਦੀ ਰਾਜਧਾਨੀ ਹੈ। ਇਸ ਇਲਾਕੇ ਵਿੱਚ ਤਿੱਬਤੀ ਬੁੱਧ ਮਤ ਦਾ ਬੋਲਬਾਲਾ ਹੈ।

ਤਿੱਬਤੀ ਬੋਲੀ ਵਿੱਚ ‘ਰਿਨਪੋਚੇ’ ਦਾ ਮਾਅਨਾ ਬੇਸ਼ਕੀਮਤੀ ਰਤਨ ਹੈ। ਇਹ ਵਿਸ਼ੇਸ਼ਣ ਰੂਹਾਨੀ ਅਖ਼ਤਿਆਰ ਵਾਲੇ ਜੀਅ ਦੇ ਨਾਮ ਨਾਲ ਸਤਿਕਾਰ ਵਜੋਂ ਲਗਾਇਆ ਜਾਂਦਾ ਹੈ। ਲੱਦਾਖ ਵਿੱਚ ਗੁਰੂ ਨਾਨਕ ਨੂੰ ਰਿਨਪੋਚੇ ਨਾਨਕ ਕਿਹਾ ਜਾਂਦਾ ਹੈ।

ਅਸੀਂ ਗੁਰਦਵਾਰਾ ਦਾਤਣ ਸਾਹਿਬ ਜਾ ਰਹੇ ਹਾਂ ਜੋ ਜਾਮਾ ਮਸਜਿਦ ਦੇ ਲਾਗੇ ਵੀਹਵੀਂ ਸਦੀ ਵਿੱਚ ਬਣਾਇਆ ਗਿਆ ਸੀ। ਇਹ ਗੁਰੂ ਨਾਨਕ ਦੀ ਲੇਹ ਵਿੱਚ ਆਮਦ ਦੀ ਯਾਦ ਵਿੱਚ ਬਣਿਆ ਹੈ। ਇਸ ਅਸਥਾਨ ਨਾਲ ਜੁੜੇ ਬਿਰਤਾਂਤ ਦਾ ਜ਼ਿਕਰ ਕਿਸੇ ਪੁਰਾਣੀ ‘ਜਨਮਸਾਖੀ’ ਵਿੱਚ ਨਹੀਂ ਮਿਲਦਾ। ਇਸ ਗੁਰਦਵਾਰੇ ਦੀ ਪੱਟੀ ਉੱਤੇ ਲਿਖਿਆ ਹੈ ਕਿ ਗੁਰੂ ਨਾਨਕ ਨੇ ਇਸ ਅਸਥਾਨ ਉੱਤੇ ਦਾਤਣ ਦੀ ਕਲਮ ਲਗਾਈ ਸੀ।

ਲੱਦਾਖ ਦੀ ਮੁਕਾਮੀ ਰੀਤ ਮੁਤਾਬਕ ਇਹ ਦਰਖਤ ਸਤਾਰ੍ਹਵੀਂ ਸਦੀ ਵਿੱਚ ਸਤਾਗਸੰਗ ਰਸਪਾ ਨੇ ਲਗਾਇਆ ਜੋ ਹੇਮਿਸ ਵਿਹਾਰ ਦੇ ਬਾਨੀ ਅਤੇ ਮੁੱਖ ਲਾਮਾ ਸਨ। ਇਹ ਕਿਹਾ ਜਾਂਦਾ ਹੈ ਕਿ ਰਾਜਾ ਸੇਨਗੇਲੇ ਨਾਮਗਯਾਲ ਨੇ ਸ਼ਹਿਰ ਦੇ ਮਰਕਜ਼ ਵਿੱਚ ਦਰਖਤ ਲਗਾਉਣ ਲਈ ਇਹ ਥਾਂ ਚੁਣੀ ਸੀ ਜੋ ਆਪ ਸਿਦਕੀ ਬੋਧੀ ਸਨ।

ਇਹ ਬਿਲਕੁਲ ਸਾਫ਼ ਨਹੀਂ ਹੈ ਕਿ ਇਸ ਦਰਖਤ ਨਾਲ ਗੁਰੂ ਨਾਨਕ ਦਾ ਨਾਮ ਕਿਵੇਂ ਅਤੇ ਕਦੋਂ ਜੁੜਿਆ।

ਅਸੀਂ ਹੁਣ ਗੁਰਦਵਾਰਾ ਪੱਥਰ ਸਾਹਿਬ ਜਾ ਰਹੇ ਹਾਂ ਜੋ ਲੇਹ ਤੋਂ ਵੀਹ ਕਿਲੋਮੀਟਰ ਦੂਰ ਲੇਹ-ਨੀਮੂ ਸੜਕ ਉੱਤੇ ਹੈ। ਪਹਿਲਾਂ ਇਸ ਗੁਰਦਵਾਰੇ ਵਾਲੀ ਥਾਂ ਉੱਤੇ ਵੱਡਾ ਸਾਰਾ ਪੱਥਰ ਹੁੰਦਾ ਸੀ ਜਿਸ ਉੱਤੇ ਮੁਕਾਮੀ ਬੋਧੀ ਆਪਣੀਆਂ ਦਸਤੂਰੀ ਬੋਧੀ ਝੰਡੀਆਂ ਲਗਾ ਕੇ ਅਰਾਧਨਾ ਕਰਦੇ ਸਨ।

ਜਦੋਂ ੧੯੭੦ਵਿਆਂ ਦੇ ਅੱਧ ਵਿੱਚ ਲੇਹ-ਨੀਮੂ ਸੜਕ ਬਣ ਰਹੀ ਸੀ ਤਾਂ ਭਾਰਤੀ ਫ਼ੌਜ ਦੀ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਨੇ ਮੁਕਾਮੀ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਉਸ ਪੱਥਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਫ਼ੈਸਲਾ ਕੀਤਾ। ਉਸ ਤੋਂ ਬਾਅਦ ਸੜਕ ਉਸਾਰੀ ਦੇ ਉਸੇ ਮਨਸੂਬੇ ਵਿੱਚ ਤਾਇਨਾਤ ਇੱਕ ਸਿੱਖ ਫ਼ੌਜੀ ਨੇ ਦਾਅਵਾ ਕੀਤਾ ਕਿ ਉਸ ਨੇ ਸੁਫ਼ਨਾ ਦੇਖਿਆ ਹੈ ਕਿ ਗੁਰੂ ਨਾਨਕ ਨੇ ਇਸ ਵੱਡੇ ਪੱਥਰ ਨੂੰ ਆਪ ਥਾਪਿਆ ਸੀ। ਇਸੇ ਨਾਲ ਗੁਰਦਵਾਰਾ ਪੱਥਰ ਸਾਹਿਬ ਦਾ ਮੁੱਢ ਬੱਝਿਆ। ਉਸ ਤੋਂ ਬਾਅਦ ਇਸ ਅਸਥਾਨ ਦਾ ਲਗਾਤਾਰ ਵਧਾਰਾ ਹੁੰਦਾ ਗਿਆ ਅਤੇ ਇਸ ਦਾ ਇੰਤਜ਼ਾਮ ਇੰਡੀਆ ਦੀ ਫ਼ੌਜ ਕੋਲ ਹੈ। ਇਸ ਨਾਲ ਜੋੜੇ ਗਏ ਬਿਰਤਾਂਤ ਦਾ 'ਜਨਮਸਾਖੀਆਂ' ਵਿੱਚ ਕੋਈ ਹਵਾਲਾ ਨਹੀਂ ਮਿਲਦਾ ਕਿ ਨਾਲ ਵਾਲੇ ਪਹਾੜ ਉੱਤੇ ਕੋਈ ਰਾਕਸ਼ ਰਹਿੰਦਾ ਸੀ ਜਿਸ ਨੇ ਵੱਡਾ ਪੱਥਰ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੇ ਵਲ ਮਾਰਿਆ ਸੀ। ਬਿਰਤਾਂਤ ਅੱਗੇ ਚਲਦਾ ਹੈ ਕਿ ਗੁਰੂ ਨਾਨਕ ਦੀ ਛੋਹ ਨਾਲ ਪੱਥਰ ਨਰਮ ਹੋ ਗਿਆ ਅਤੇ ਗੁਰੂ ਨਾਨਕ ਦੀ ਪਿੱਠ ਦਾ ਛਾਪਾ ਪੱਥਰ ਉੱਤੇ ਪੈ ਗਿਆ।

ਗੁਰੂ ਨਾਨਕ ਦੇ ਫ਼ਲਸਫ਼ੇ ਵਿੱਚ ਇਹ ਸ਼ਿੱਦਤ ਸੀ ਕਿ ਇਹ ਕਿਸੇ ਦੀ ਸੋਚ ਉੱਤੇ ਤਬਦੀਲੀ ਦਾ ਛਾਪਾ ਲਗਾ ਸਕਦਾ ਸੀ ਅਤੇ ਉਸ ਨੂੰ ਰੂੜ੍ਹੀਵਾਦੀ ਤੋਂ ਹਕੀਕੀ ਬਣਾ ਸਕਦਾ ਸੀ। ਉਨ੍ਹਾਂ ਦੇ ਸੁਨੇਹੇ ਦੀ ਗਹਿਰਾਈ ਉੱਤੇ ਭੌਤਿਕ ਤਬਦੀਲੀਆਂ ਨਾਲ ਜੁੜੇ ਬਿਰਤਾਂਤ ਦਾ ਪਰਦਾ ਪੈ ਗਿਆ ਹੈ। ਮੇਰੀ ਨਿਮਾਣੀ ਰਾਇ ਮੁਤਾਬਕ ਗੁਰੂ ਨਾਨਕ ਦਾ ਬੇਪਨਾਹ ਸਤਿਕਾਰ ਉਸ ਵੇਲੇ ਹੁੰਦਾ ਹੈ ਜਦੋਂ ਉਨ੍ਹਾਂ ਦੇ ਫ਼ਲਸਫ਼ੀ ਸੁਨੇਹੇ ਦਾ ਇਰਾਦਾ ਸਮਝਿਆ ਜਾਂਦਾ ਹੈ।

ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ॥
(ਰਾਗ ਸੋਰਠਿ)

ਓ ਪਿਆਰੇ, ਜਦੋਂ ਮਨੁੱਖ ਕੁਦਰਤ ਦਾ ਹੁਕਮ ਸਿਆਣਦਾ ਹੈ ਤਾਂ ਉਸ ਨੂੰ ਵਡਿਆਈ ਮਿਲਦੀ ਹੈ ਅਤੇ ਉਹ ਸੱਚ ਨਾਲ ਵਰੋਸਾਇਆ ਜਾਂਦਾ ਹੈ।
(ਗੁਰੂ ਨਾਨਕ, ਰਾਗ ਸੋਰਠਿ)

ਗੁਰੂ ਨਾਨਕ ਦੇ ਦੌਰ ਵਿੱਚ ਦਸਵੀਂ ਸਦੀ ਦੇ ਸੰਤ ਭਰਥਰੀ ਨਾਥ ਦੇ ਪੈਰੋਕਾਰ ਇਸ ਪਹਾੜੀ ਇਲਾਕੇ ਵਿੱਚ ਰਹਿੰਦੇ ਸਨ ਕਿਉਂਕਿ ਉਹ ਇਸ ਨੂੰ ਸਿਰਜਣਹਾਰ ਦਾ ਅਲੌਕਿਕ ਨਿਵਾਸ ਸਮਝਦੇ ਸਨ। ਗੋਸ਼ਟਿ ਦੌਰਾਨ ਗੁਰੂ ਨਾਨਕ ਨੇ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਸਮੁੱਚਾ ਸੰਸਾਰ ਹੀ ਸਿਰਜਣਹਾਰ ਦਾ ਅਲੌਕਿਕ ਨਿਵਾਸ ਹੈ।

ਅੰਤਰਿ ਬਾਹਰਿ ਅਵਰੁ ਨ ਕੋਇ॥
ਜੋ ਤਿਸੁ ਭਾਵੈ ਸੋ ਫੁਨਿ ਹੋਇ॥

ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥
ਨਿਰਮਲ ਨਾਮੁ ਮੇਰਾ ਆਧਾਰੁ॥
(ਰਾਗੁ ਆਸਾ, ਗੁਰੂ ਨਾਨਕ)

ਅੰਦਰ ਅਤੇ ਬਾਹਰ ਉਸ ਤੋਂ ਬਿਨਾਂ ਕੋਈ ਨਹੀਂ ਹੈ।
ਉਸ ਨੂੰ ਜੋ ਭਾਉਂਦਾ ਹੈ ਉਹ ਫ਼ਨਾਹ ਹੋਣ ਲਈ ਪੈਦਾ ਹੁੰਦਾ ਹੈ।
ਸੁਣੋ ਭਰਥਰੀ ਜੋਗੀ, ਨਾਨਕ ਨੇ ਵਿਚਾਰ ਕਰਨ ਤੋਂ ਬਾਅਦ ਕਿਹਾ ਹੈ, ਉਹ ਨਿਰਮਲ ਹੀ ਮੇਰਾ ਆਧਾਰ ਹੈ।
ਉਹ ਨਿਰਮਲ ਹੀ ਮੇਰਾ ਆਧਾਰ ਹੈ।
(ਰਾਗੁ ਆਸਾ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਲੇਹ ਤੋਂ ਸਿੰਧੂ ਨਦੀ ਦੇ ਕਿਨਾਰੇ ਸਕਰਦੂ ਦਾ ਸਫ਼ਰ ਕੀਤਾ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਨੂੰ ਇਸ ਇਲਾਕੇ ਵਿੱਚੋਂ ਪਾਰ ਨਹੀਂ ਕੀਤਾ ਜਾ ਸਕਦਾ। ਅਸੀਂ ਪੰਜਾਬ ਜਾ ਕੇ ਵਾਹਗਾ ਨਾਕਾ ਪਾਰ ਕੀਤਾ ਅਤੇ ਪਾਕਿਸਤਾਨ ਦੇ ਸੂਬੇ ਬਾਲਤਿਸਤਾਨ ਵਿੱਚ ਇੰਡੀਆ-ਪਾਕਿਸਤਾਨ ਦੀ ਸਰਹੱਦ ਉੱਤੇ 'ਜ਼ੀਰੋ ਪੁਆਇੰਟ' ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰੇਆ।

**ਅਮਰਦੀਪ ਸਿੰਘ:** ਅਸੀਂ ਪਾਕਿਸਤਾਨ ਦੇ ਸੂਬੇ ਬਾਲਤਿਸਤਾਨ ਦੇ ਧੁਰ ਪੂਰਬੀ ਇਲਾਕੇ ਵਿੱਚ ਖੜ੍ਹੇ ਹਾਂ ਜਿਸ ਨੂੰ 'ਜ਼ੀਰੋ ਪੁਆਇੰਟ' ਕਿਹਾ ਜਾਂਦਾ ਹੈ। ਇੱਥੇ ਸਿੰਧੂ ਨਦੀ ਵਗਦੀ ਹੈ ਅਤੇ ਸਾਡੇ ਪਿੱਛੇ ਵਾਲੀਆਂ ਪਹਾੜੀਆਂ ਇੰਡੀਆ ਵਿੱਚ ਨੁਬਰਾ ਵਾਦੀ ਨਾਲ ਜੁੜ ਜਾਂਦੀਆਂ ਹਨ। ਬਾਲਤਿਸਤਾਨ ਵਿੱਚ ਕਦੇ ਕਾਰਗਿਲ ਅਤੇ ਸਕਰਦੂ ਦਾ ਇਲਾਕਾ ਆਉਂਦਾ ਸੀ। ਹੁਣ ਇਹ ਦੋ ਖ਼ੁਦਮੁਖ਼ਤਿਆਰ ਮੁਲਕਾਂ, ਇੰਡੀਆ ਅਤੇ ਪਾਕਿਸਤਾਨ ਵਿੱਚ ਵੰਡਿਆ ਗਿਆ ਹੈ। ਬਾਲਤਿਸਤਾਨ ਵਿੱਚ ਵੰਨ-ਸਵੰਨੀਆਂ ਰੁੱਤਾਂ ਹਨ, ਕੁਦਰਤੀ ਨਜ਼ਾਰੇ ਹਨ ਅਤੇ ਪੁਰਾਤਨ ਸੱਭਿਆਚਾਰ ਹਨ। ਇੱਥੇ ਸਰਦੀ ਵਿੱਚ ਬਰਫ਼ ਜਮਾਉਣ ਵਾਲੀ ਠੰਢ ਪੈਂਦੀ ਹੈ ਅਤੇ ਗਰਮੀ ਵਿੱਚ ਜ਼ਲ਼ਾ ਦੇਣ ਵਾਲੀ ਧੁੱਪ ਪੈਂਦੀ ਹੈ। ਇੱਥੇ ਠੰਢੇ ਮਾਰੂਥਲ ਹਨ ਅਤੇ ਫੁੱਲਾਂ ਦੀ ਰੰਗੀਨ ਬਹਾਰ ਖਿੜਦੀ ਹੈ। ਇੱਥੇ ਬਰਫ਼ ਨਾਲ ਲੱਦੀਆਂ ਚੋਟੀਆਂ ਹਨ ਅਤੇ ਖ਼ੁਸ਼ਕ ਪਹਾੜ ਹਨ, ਜੰਮੇ ਹੋਏ ਗਲੇਸ਼ੀਅਰ ਹਨ ਅਤੇ ਵਗਦੀਆਂ ਨਦੀਆਂ ਹਨ। ਕੁਦਰਤ ਇਸ ਇਲਾਕੇ ਦੀ ਰੂਹਾਨੀ ਕਾਬਲੀਅਤ ਦਾ ਮੰਜ਼ਰ ਪੇਸ਼ ਕਰਦੀ ਹੈ।

ਗੁਰੂ ਨਾਨਕ ਨੇ ਸਭ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਵਾਲੀ ਤਾਕਤ ਦੀ ਮਹਿਮਾ ਵਿੱਚ ਗਾਇਆ,

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥
(ਸਿਰੀ ਰਾਗ, ਗੁਰੂ ਨਾਨਕ)

ਜੇ ਮੈਂ ਕਰੋੜਾਂ-ਕਰੋੜ ਸਾਲ ਦੀ ਜ਼ਿੰਦਗੀ ਹਵਾ ਦੇ ਆਸਰੇ ਗੁਜ਼ਾਰ ਦੇਵਾਂ।
ਜੇ ਮੈਂ ਗੁਫਾ ਵਿੱਚ ਰਹਾਂ ਕਦੇ ਸੂਰਜ ਅਤੇ ਚੰਦ ਨਾ ਦੇਖਾਂ ਅਤੇ ਕਦੇ ਸੁਫ਼ਨਿਆਂ ਵਿੱਚ ਵੀ ਨਾ ਸੌਵਾਂ।
ਤਾਂ ਵੀ ਮੈਨੂੰ ਤੇਰੀ ਕੀਮਤ ਦਾ ਅੰਦਾਜ਼ਾ ਨਹੀਂ ਹੋ ਸਕਦਾ। ਮੈਂ ਤੇਰੀ ਵਡਿਆਈ ਦੀ ਮਹਿਮਾ ਦਾ ਬਿਆਨ ਕਿਵੇਂ ਕਰ ਸਕਦਾ ਹਾਂ?
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਮੁਤਾਬਕ ਕੁਦਰਤ ਦੀਆਂ ਨਿਆਮਤਾਂ ਨੂੰ ਮਿਕਦਾਰੀ ਰੂਪ ਦੇਣ ਵਾਲੇ ਸਭ ਤੋਂ ਗਹਿਰੇ ਇਜ਼ਹਾਰ ਵੀ ਸਿਰਜਣਹਾਰ ਦੀ ਕੀਮਤ ਅਤੇ ਜਲੌਅ ਦੀ ਥਾਹ ਨਹੀਂ ਪਾ ਸਕਦੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ 'ਜ਼ੀਰੋ ਪੁਆਇੰਟ' ਤੋਂ ਸਿੰਧੂ ਨਦੀ ਦੇ ਕਿਨਾਰੇ ਸਕਰਦੂ ਜਾ ਰਹੇ ਹਾਂ।

ਰਾਹ ਵਿੱਚ ਅਸੀਂ ਮਜ਼ਦੂਰਾਂ ਨੂੰ ਸਿੰਧੂ ਨਦੀ ਉੱਤੇ ਪੁੱਲ ਬਣਾਉਂਦੇ ਹੋਏ ਦੇਖਿਆ। ਉਨ੍ਹਾਂ ਦੀ ਮਿਹਨਤ ਨੂੰ ਨਿਹਾਰਦੇ ਹੋਏ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆ ਗਿਆ।

ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥
(ਰਾਗ ਆਸਾ ਕਾਫੀ, ਗੁਰੂ ਨਾਨਕ)

ਤੂੰ ਪਲ-ਪਲ ਮਾਇਆ ਜੋੜਨ ਵਿੱਚ ਲੱਗਿਆ ਹੈਂ ਅਤੇ ਤੈਨੂੰ ਇਸ ਕਿਆਮ ਦੇ ਆਰਜ਼ੀ ਹੋਣ ਦਾ ਅਹਿਸਾਸ ਨਹੀਂ।
(ਰਾਗ ਆਸਾ ਕਾਫੀ, ਗੁਰੂ ਨਾਨਕ)

ਸਿਰਜਣਹਾਰੇ ਦੀ ਸਾਜੀ ਧਰਤੀ ਉੱਤੇ ਮਨੁੱਖ ਦੀਆਂ ਪਾਈਆਂ ਵੰਡੀਆਂ ਦੇਖ ਕੇ ਦੁੱਖ ਹੁੰਦਾ ਹੈ। ਸਤਿਕਾਰਯੋਗ ਸੰਤਾਂ ਨੇ ਪਿਆਰ ਦੇ ਪੁੱਲ ਉਸਾਰਨ ਲਈ ਸਖ਼ਤ ਘਾਲਣਾ ਘਾਲੀ ਤਾਂ ਜੋ ਲੋਕਾਂ ਵਿੱਚ ਏਕਾ ਹੋ ਸਕੇ ਪਰ ਸੌੜੇ ਸਿਆਸੀ ਹਿੱਤ ਲੋਕਾਂ ਵਿੱਚ ਬੇਚੈਨੀ ਦੀਆਂ ਵਾੜਾਂ ਉਸਾਰਦੇ ਹਨ। ਗੁਰੂ ਨਾਨਕ ਨੇ ਯਾਦ ਕਰਵਾਇਆ ਕਿ ਦੁਨਿਆਵੀ ਲਾਲਸਾਵਾਂ ਅਤੇ ਮਾਦੀ ਭੰਡਾਰੇ ਫ਼ਨਾਹ ਹੋ ਜਾਣਗੇ ਅਤੇ ਸਿਰਫ਼ ਪਿਆਰ ਦੇ ਪੁੱਲ ਕਾਇਮ ਰਹਿਣਗੇ।

ਸਕਰਦੂ ਸਮੁੰਦਰ ਤੋਂ ਸਤ ਹਜ਼ਾਰ ਤਿੰਨ ਸੌ ਦਸ ਫੁੱਟ ਦੀ ਉਚਾਈ ਉੱਤੇ ਸਿੰਧੂ ਨਦੀ ਦੇ ਕਿਨਾਰੇ ਵੱਸਿਆ ਹੈ ਅਤੇ ਬਾਲਤਿਸਤਾਨ ਦੀ ਰਾਜਧਾਨੀ ਹੈ। ਇਹ ਕਾਰਾਕੋਰਮ ਅਤੇ ਹਿਮਾਲਾ ਪਹਾੜੀਆਂ ਦੇ ਵਿਚਕਾਰ ਹੈ ਅਤੇ ਮਰਕਜ਼ੀ ਏਸ਼ੀਆ ਨੂੰ ਚੀਨ ਨਾਲ ਜੋੜਨ ਵਾਲੇ ਪੁਰਾਤਨ ਸੌਦਾਗਰੀ ਰਾਹ ਉੱਤੇ ਪੈਂਦਾ ਹੈ। ਇਹ ਦੁਨੀਆ ਦੇ ਸਭ ਤੋਂ ਠੰਢੇ ਮਾਰੂਥਲਾਂ ਵਿੱਚੋਂ ਹੈ ਜੋ ਪਾਕਿਸਤਾਨ ਵਿੱਚ ਸਕਰਦੂ ਤੋਂ ਇੰਡੀਆ ਵਿੱਚ ਨੁਬਰਾ ਵਾਦੀ ਤੱਕ ਫੈਲਿਆ ਹੈ।

ਇਤਿਹਾਸਕ ਤੌਰ ਉੱਤੇ ਬਾਲਤਿਸਤਾਨ ਮਜ਼ਹਬੀ ਰਲ਼ੇਵੇ ਦੀ ਜ਼ਮੀਨ ਰਿਹਾ ਹੈ। ਪਹਾੜਾਂ ਉੱਤੇ ਖੁਦੀਆਂ ਬੋਧੀ ਲਿਖਤਾਂ ਇਸ ਦੇ ਵੰਨ-ਸਵੰਨੇ ਅਤੀਤ ਦੀ ਗਵਾਹੀ ਭਰਦੀਆਂ ਹਨ। ਇਸ ਵੇਲੇ ਇਸ ਇਲਾਕੇ ਵਿੱਚ ਇਸਲਾਮ ਦਾ ਬੋਲਬਾਲਾ ਹੈ।

ਇਨ੍ਹਾਂ ਸਖ਼ਤ ਇਲਾਕਿਆਂ ਵਿੱਚ ਘੁੰਮਦੇ ਹੋਏ ਅਜਿਹੇ ਪਲ ਆਉਂਦੇ ਹਨ ਜਦੋਂ ਮੈਂ ਮਾਯੂਸੀ ਦੀ ਰੇਤ ਵਿੱਚ ਧਸ ਜਾਂਦਾ ਹਾਂ। ਹੁਲਾਰ ਵਿੱਚ ਮੈਂ ਖ਼ੁਸ਼ੀ ਦੀਆਂ ਪਹਾੜੀਆਂ ਚੜ੍ਹ ਜਾਂਦਾ ਹਾਂ ਅਤੇ ਦੁਬਿਧਾ ਵਿੱਚ ਮੈਂ ਸ਼ੰਕਿਆਂ ਦੇ ਜੰਗਲ ਵਿੱਚ ਭਟਕਦਾ ਹਾਂ। ਮੈਂ ਅਕਸਰ ਸੋਚਦਾ ਹਾਂ ਕਿ ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਦੌਰਾਨ ਪੇਸ਼ ਆਈਆਂ ਜਿਸਮਾਨੀ ਅਤੇ ਜਜ਼ਬਾਤੀ ਮੁਸ਼ਕਲਾਂ ਨੂੰ ਕਿਵੇਂ ਸਿੱਝਿਆ ਹੋਵੇਗਾ?

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥
(ਸਿਰੀ ਰਾਗ, ਗੁਰੂ ਨਾਨਕ)

ਅਗਿਆਨਤਾ ਵਿੱਚ ਮੈਂ ਮਾਰੂਥਲਾਂ ਵਿੱਚ ਭਟਕਦਾ ਰਿਹਾ। ਪਠਾਰਾਂ ਅਤੇ ਪਹਾੜਾਂ ਵਿੱਚ ਭਟਕਦਾ ਰਿਹਾ।
ਅਗਿਆਨਤਾ ਵਿੱਚ ਮੈਂ ਜੰਗਲਾਂ ਵਿੱਚ ਭੁੱਲਿਆ ਫਿਰਦਾ ਰਿਹਾ। ਮੈਨੂੰ ਰੂਹਾਨੀ ਅਗਵਾਈ ਤੋਂ ਬਿਨਾਂ ਵਿਵੇਕ ਹਾਸਿਲ ਨਹੀਂ ਹੋਣਾ।
ਜੇ ਮੈਂ ਸੋਚ-ਵਿਚਾਰ ਤੋਂ ਬਿਨਾਂ ਭਟਕਦਾ ਰਿਹਾ ਤਾਂ ਮੈਂ ਆਵਾਗਮਨ ਦੇ ਚੱਕਰ ਵਿੱਚ ਫਸਿਆ ਰਹਾਂਗਾ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਤਜਰਬਾ 'ਗੁਰੂ' ਵਜੋਂ ਜਿਸਮਾਨੀ ਅਤੇ ਜਜ਼ਬਾਤੀ ਮੁਸ਼ਕਲਾਂ ਨੂੰ ਸਿੱਝਣ ਵਿੱਚ ਸਹਾਈ ਹੁੰਦਾ ਹੈ।

**ਅਮਰਦੀਪ ਸਿੰਘ:** ਅਸੀਂ ਸਕਰਦੂ ਸ਼ਹਿਰ ਵਿੱਚ ਸਿੰਧੂ ਨਦੀ ਦੇ ਲਾਗੇ ਸਕਰਦੂ ਗੁਰਦਵਾਰੇ ਦੇ ਖੰਡਰਾਂ ਦੇ ਸਾਹਮਣੇ ਖੜ੍ਹੇ ਹਾਂ। ਜਦੋਂ ਅਠਾਰਾਂ ਸੌ ਇਕਤਾਲੀ ਈਸਵੀ ਵਿੱਚ ਬਾਲਤਿਸਤਾਨ ਲਾਹੌਰ ਦਰਬਾਰ ਦਾ ਹਿੱਸਾ ਬਣਿਆ ਤਾਂ ਸਿੱਖਾਂ ਦਾ ਇੱਥੇ ਆਉਣਾ ਸ਼ੁਰੂ ਹੋਇਆ। ਉਸ ਤੋਂ ਬਾਅਦ ਸਿੱਖ ਬਰਾਦਰੀ ਨੇ ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦ ਵਿੱਚ ਗੁਰਦਵਾਰਾ ਬਣਾਇਆ।

ਸੰਨ ਉੱਨੀ ਸੌ ਸੰਤਾਲੀ ਵਿੱਚ ਸਕਰਦੂ ਤੋਂ ਨਾਨਕ ਨਾਮਲੇਵਾ ਸੰਗਤ ਦੀ ਹਿਜਰਤ ਤੋਂ ਬਾਅਦ ਇਹ ਗੁਰਦਵਾਰਾ ਖੰਡਰ ਹੋ ਗਿਆ ਕਿਉਂਕਿ ਇੱਥੇ ਦੇ ਸਖ਼ਤ ਮੌਸਮਾਂ ਦੀ ਝਾਲ ਇਸ ਤੋਂ ਝੱਲੀ ਨਹੀਂ ਗਈ।

ਰੁਤਿ ਆਈਲੇ ਸਰਸ ਬਸੰਤ ਮਾਹਿ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥
ਕਿਸੁ ਪੂਜ ਚੜਾਵਉ ਲਗਉ ਪਾਇ॥
(ਰਾਗ ਬਸੰਤ, ਗੁਰੂ ਨਾਨਕ)

ਬਸੰਤ ਦੀ ਸਭ ਤੋਂ ਦਿਲਕਸ਼ ਰੁੱਤ ਆ ਗਈ ਹੈ।
ਪਿਆਰ ਦੇ ਰੰਗ ਵਿੱਚ ਰੱਤੇ ਜੀਅ ਨੂੰ ਪਿਆਰ ਮਿਲੇਗਾ।
ਇਸ ਤੋਂ ਇਲਾਵਾ ਮੈਂ ਕਿਸ ਦੀ ਪੂਜਾ ਕਰਾਂ? ਕਿਸ ਦੇ ਪੈਰਾਂ ਵਿੱਚ ਸਿਜਦਾ ਕਰਾਂ?
(ਰਾਗ ਬਸੰਤ, ਗੁਰੂ ਨਾਨਕ)

ਬਸੰਤ ਦੀ ਮਿਸਾਲ ਦਿੰਦੇ ਹੋਏ ਗੁਰੂ ਨਾਨਕ ਨੇ ਸਲਾਹ ਦਿੱਤੀ ਹੈ ਕਿ ਜੁਦਾਈ ਦੀ ਠੰਢ ਵਿੱਚੋਂ ਬਾਹਰ ਆਓ ਅਤੇ ਹਮਸਾਜ ਭਵਿੱਖ ਦੀ ਆਸ ਜਗਾਓ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਕਰਦੂ ਤੋਂ ਦੱਖਣ ਵਾਲੇ ਪਾਸੇ ਨੂੰ ਪੁਰਾਤਨ ਸੌਦਾਗਰੀ ਰਾਹ ਉੱਤੇ ਸਫ਼ਰ ਕੀਤਾ ਅਤੇ ਕਾਰਗਿਲ ਪਹੁੰਚੇ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤੈਅ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਪੰਜਾਬ ਰਾਹੀਂ ਵਾਹਗਾ ਨਾਕਾ ਪਾਰ ਕੀਤਾ ਅਤੇ ਕਾਰਗਿਲ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

ਕਾਰਗਿਲ ਇੰਡੀਆ-ਪਾਕਿਸਤਾਨ ਵਿਚਕਾਰ 'ਲਾਇਨ ਔਫ ਕੰਟਰੋਲ' ਦੇ ਲਾਗੇ ਸੁਰੁ ਨਦੀ ਦੇ ਕੰਢੇ ਵੱਸਿਆ ਹੈ।

ਗੁਰੂ ਨਾਨਕ ਦੇ ਦੌਰ ਵਿੱਚ ਇਹ ਸਕਰਦੂ ਦੇ ਬਾਲਤੀ ਖ਼ਾਨਦਾਨ ਦੀ ਰਿਆਸਤ ਦਾ ਹਿੱਸਾ ਸੀ।

ਕਾਰਗਿਲ ਵਿੱਚ ਗੁਰੂ ਨਾਨਕ ਦੀ ਇਸ ਇਲਾਕੇ ਵਿੱਚ ਆਮਦ ਦੀ ਯਾਦ ਵਿੱਚ ਗੁਰਦਵਾਰਾ ਚਰਨ ਕਮਲ ਸਾਹਿਬ ਬਣਿਆ ਹੈ। ਇਸ ਗੁਰਦਵਾਰੇ ਦਾ ਇੰਤਜ਼ਾਮ ਇੰਡੀਅਨ ਫ਼ੌਜ ਸੰਭਾਲਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਾਰਗਿਲ ਤੋਂ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਵਿੱਚ ਮਟਨ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਾਰਗਿਲ ਤੋਂ ਮਟਨ ਜਾ ਰਹੇ ਹਾਂ। ਅਸੀਂ ਅੱਠਵੀਂ ਸਦੀ ਦੇ ਖੰਡਰ ਹੋ ਚੁੱਕੇ ਮਾਰਤੰਡ ਮੰਦਿਰ ਜਾ ਰਹੇ ਹੈ ਜੋ 'ਸੂਰਯਾ' ਦੇਵਤਾ ਨੂੰ ਮਨਸੂਬ ਹੈ।

ਅਨੰਤਨਾਗ ਦੋ ਸ਼ਬਦਾਂ ਦਾ ਜਮ੍ਹਾਂਜੋੜ ਹੈ। 'ਅਨੰਤ' ਦਾ ਮਾਅਨਾ ਅਥਾਹ ਹੈ ਅਤੇ 'ਨਾਗ' ਦੇ ਦੋ ਮਿਥਿਹਾਸਕ ਹਵਾਲੇ ਹਨ, ਇੱਕ ਭਗਵਾਨ ਸ਼ਿਵ ਦਾ ਸੱਪ ਹੈ ਅਤੇ ਦੂਜਾ ਅਣਗਿਣਤ ਝਰਨਿਆਂ ਦੀ ਧਰਤੀ ਹੈ। ਮੰਨਿਆ ਜਾਂਦਾ ਹੈ ਕਿ ਇਨ੍ਹਾਂ ਝਰਨਿਆਂ ਦੇ ਪਾਣੀ ਵਿੱਚ ਦੁੱਖ ਨਿਵਾਰਕ ਤੱਤ ਹਨ।

ਗੁਰੂ ਨਾਨਕ ਦੇ ਦੌਰ ਵਿੱਚ ਮਾਰਤੰਡ ਮੰਦਿਰ ਹਿੰਦੂ ਜ਼ਿਆਰਤੀਆਂ ਲਈ ਅਹਿਮ ਤੀਰਥ ਸੀ।

ਮਾਰਤੰਡ ਮੰਦਿਰ ਤੋਂ ਕੁਝ ਫ਼ਾਸਲੇ ਉੱਤੇ ਅਸੀਂ ਮਟਨ ਪਿੰਡ ਜਾ ਰਹੇ ਹਾਂ।

ਮਾਰਤੰਡ ਮੰਦਿਰ ਪੁਰਾਣੇ ਸਮਿਆਂ ਤੋਂ ਹਿੰਦੂਆਂ ਲਈ ਅਹਿਮ ਤੀਰਥ ਅਸਥਾਨ ਸੀ। ਮਾਰਤੰਡ ਮੰਦਿਰ ਦੇ ਕਸ਼ਮੀਰੀ ਪੁਜਾਰੀ ਜ਼ਿਆਰਤੀਆਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਜੱਦੀ-ਪੁਸ਼ਤੀ ਤਫ਼ਸੀਲ ਇਕੱਠੀ ਕਰਦੇ ਸਨ। ਸਿਆਸੀ ਬੇਚੈਨੀ ਨੇ ਉੱਨੀ ਸੌ ਨੱਬੇ ਦੇ ਦਹਾਕੇ ਦੌਰਾਨ ਕਸ਼ਮੀਰ ਵਿੱਚ ਨਸਲੀ ਵੰਡੀ ਪਾ ਦਿੱਤੀ ਜਿਸ ਦੇ ਕਾਰਨ ਮੁਕਾਮੀ ਹਿੰਦੂ ਆਬਾਦੀ ਨੂੰ ਇਸ ਇਲਾਕੇ ਤੋਂ ਵੱਡੇ ਪੱਧਰ ਉੱਤੇ ਹਿਜਰਤ ਕਰਨੀ ਪਈ। ਉਨ੍ਹਾਂ ਦੇ ਬਿਖਰ ਜਾਣ ਕਾਰਨ ਮਟਨ ਵਿੱਚ ਪਰਿਵਾਰਾਂ ਦੇ ਕੁਰਸੀਨਾਮੇ ਤਿਆਰ ਕਰਨ ਦਾ ਦਸਤੂਰ ਖ਼ਤਮ ਹੋ ਗਿਆ ਹੈ।

ਕਦੇ ਮਟਨ ਆਪਣੀ ਅਮੀਰ ਤਹਿਜ਼ੀਬ ਅਤੇ ਮਜ਼ਹਬੀ ਇਤਫ਼ਾਕ ਲਈ ਮਸ਼ਹੂਰ ਸੀ। ਇੱਥੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦਾ ਭਾਈਚਾਰਾ ਸੀ।

ਇੱਥੇ ਇੱਕੋ ਇਮਾਰਤ ਵਿੱਚ ਮੰਦਿਰ ਅਤੇ ਗੁਰਦਵਾਰਾ ਹਨ। ਇਹ ਗੁਰਦਵਾਰਾ ਗੁਰੂ ਨਾਨਕ ਦੇ ਮਟਨ ਆਉਣ ਦੀ ਯਾਦ ਵਿੱਚ ਬਣਿਆ ਹੈ।

ਗੁਰੂ ਨਾਨਕ ਦਾ ਇੱਥੇ ਹਿੰਦੂ ਪੁਜਾਰੀ ਬ੍ਰਹਮ ਦਾਸ ਨਾਲ ਗੋਸ਼ਟਿ ਹੋਇਆ ਸੀ ਜਿਨ੍ਹਾਂ ਕੋਲ ਗ੍ਰੰਥਾਂ ਦਾ ਭੰਡਾਰ ਸੀ। ਉਹ ਗੱਲਬਾਤ ਸ਼ੁਰੂ ਕਰ ਕੇ ਆਪਣੇ ਅਦਬੀ ਗਿਆਨ ਦੇ ਦਿਖਾਵੇ ਲਈ ਮਸ਼ਹੂਰ ਸੀ। 'ਵਿਲਾਇਤਵਾਲੀ ਜਨਮਸਾਖੀ' ਮੁਤਾਬਕ ਗੁਰੂ ਨਾਨਕ ਨੇ ਬ੍ਰਹਮ ਦਾਸ ਨਾਲ ਗੱਲਬਾਤ ਕਰਦੇ ਹੋਏ ਗਾਇਨ ਕੀਤਾ,

ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥
ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥
(ਰਾਗ ਮਲਾਰ, ਗੁਰੂ ਨਾਨਕ)

ਉਸ ਨੇ ਆਪਣੀ ਸਿਰਜਣਾ ਆਪ ਕੀਤੀ। ਉਸ ਨੇ ਆਪਣਾ ਆਪਾ ਆਪ ਪਛਾਣਿਆ ਹੈ।
ਅੰਬਰ ਅਤੇ ਧਰਤੀ ਦਾ ਵਿਛੋੜਾ ਦਰਸਾਉਣ ਲਈ ਉਸ ਨੇ ਆਪ ਚੰਦੋਆ ਤਾਣਿਆ ਹੈ।
ਉਸ ਨੇ ਬਿਨਾਂ ਖੰਭਿਆਂ ਤੋਂ ਗਗਨ ਥੰਮਿਆ ਹੈ। ਉਹ ਵਿਵੇਕ ਰਾਹੀਂ ਤਸਲੀਮ ਹੁੰਦਾ ਹੈ।
ਉਸ ਨੇ ਸੂਰਜ ਅਤੇ ਚੰਦ ਸਾਜੇ ਹਨ ਅਤੇ ਇਨ੍ਹਾਂ ਦੇ ਅੰਦਰ ਉਸ ਦੀ ਜੋਤ ਸਮਾਈ ਹੈ।
(ਰਾਗ ਮਲਾਰ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਵਹਿਦਤ ਦੇ ਗੁਣ ਗ੍ਰਹਿਣ ਕਰ ਕੇ ਹੀ ਸਭ ਤੋਂ ਵੱਡਾ ਅਦਬੀ ਗਿਆਨ ਹਾਸਿਲ ਕੀਤਾ ਜਾ ਸਕਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਕਸ਼ਮੀਰ ਦੇ ਗਵਰਨਰ ਹਰੀ ਸਿੰਘ ਨਲਵਾ ਨੇ ਮਟਨ ਦੇ ਗੁਰਦਵਾਰੇ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਹੱਥਲਿਖਤ ਬੀੜ ਭੇਟ ਕੀਤੀ ਸੀ ਜੋ ਹੁਣ ਵੀ ਇੱਥੇ ਸਾਂਭੀ ਹੋਈ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਟਨ ਤੋਂ ਸ਼੍ਰੀਨਗਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਮਟਨ ਤੋਂ ਸ਼੍ਰੀਨਗਰ ਜਾ ਰਹੇ ਹਾਂ ਜੋ ਪਹਿਲਾਂ ਜੰਮੂ-ਕਸ਼ਮੀਰ ਸੂਬੇ ਦੀ ਗਰਮੀਆਂ ਦੀ ਰਾਜਧਾਨੀ ਸੀ।

ਜਿਹਲਮ ਨਦੀ ਦੇ ਕੰਢੇ ਵਸੇ ਸ਼੍ਰੀਨਗਰ ਵਿੱਚ ਨਿਰਮਲ ਪਾਣੀ ਦੀਆਂ ਝੀਲਾਂ ਹਨ ਜਿਨ੍ਹਾਂ ਵਿੱਚੋਂ ਡੱਲ ਝੀਲ ਸਭ ਤੋਂ ਮਸ਼ਹੂਰ ਹੈ।

ਭਾਈ ਕਾਹਨ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਕਾਰ' ਵਿੱਚ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਨੇ ਸ਼੍ਰੀਨਗਰ ਦੀ ਯਾਤਰਾ ਦੌਰਾਨ ਸ਼ੰਕਰਾਚਾਰਿਆ ਪਹਾੜ ਉੱਤੇ ਬਣੇ ਸ਼ਿਵ ਮੰਦਿਰ ਵਿੱਚ ਸ਼ਿਵ ਮਤ ਦੇ 'ਜੋਗੀਆਂ' ਨਾਲ ਗੋਸ਼ਟਿ ਕੀਤਾ ਸੀ।

ਇਹ ਮੰਦਿਰ ੨੦੦ ਈਸਾ ਪੂਰਵ ਦਾ ਬਣਿਆ ਹੋਇਆ ਹੈ ਅਤੇ ਇਤਿਹਾਸਕ ਤੌਰ ਉੱਤੇ ਜਯੇਥੇਸ਼ਵਰਾ ਮੰਦਿਰ ਵਜੋਂ ਜਾਣਿਆ ਜਾਂਦਾ ਹੈ। ਦੱਖਣੀ ਭਾਰਤੀ ਫ਼ਲਸਫ਼ੀ ਆਦਿ ਸ਼ੰਕਰਾਚਾਰਿਆ ਦੇ ਅੱਠਵੀਂ ਸਦੀ ਵਿੱਚ ਇੱਥੇ ਆਉਣ ਤੋਂ ਬਾਅਦ ਇਹ ਸ਼ੰਕਰਾਚਾਰਿਆ ਮੰਦਿਰ ਵਜੋਂ ਮਸ਼ਹੂਰ ਹੋ ਗਿਆ।

ਆਦਿ ਸ਼ੰਕਰਾਚਾਰਿਆ 'ਅਦਵੈਤ ਵੇਦਾਂਤ' ਦੇ ਤਰਜਮਾਨ ਸਨ। 'ਵੇਦਾਂਤ' ਦੇ ਪੈਰੋਕਾਰ 'ਅਹਮ ਬ੍ਰਹਮਾਸਮੀ' ਵਿੱਚ ਯਕੀਨ ਕਰਦੇ ਹਨ ਜਿਸ ਦਾ ਮਾਅਨਾ ਹੈ ਕਿ 'ਮੈਂ ਬ੍ਰਹਮ ਹਾਂ'।

ਗੁਰੂ ਨਾਨਕ ਵੀ 'ਅਦਵੈਤ' ਦੇ ਤਰਜਮਾਨ ਸਨ ਪਰ ਉਨ੍ਹਾਂ ਨੇ ਵਹਿਦਤ ਦਾ ਸੁਨੇਹਾ ਦੇਣ ਲਈ ਬੇਇੰਤਹਾ ਹਲੀਮੀ ਨਾਲ 'ਸੋਹੰ' ਸ਼ਬਦ ਦਾ ਇਸਤੇਮਾਲ ਕੀਤਾ ਜਿਸ ਦਾ ਮਾਅਨਾ ਹੈ ਕਿ 'ਬ੍ਰਹਮ ਦਾ ਮੇਰੇ ਅੰਦਰ ਵਾਸ' ਹੈ।

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ॥
(ਸਿਰੀ ਰਾਗ, ਗੁਰੂ ਨਾਨਕ)

ਜੋ ਬ੍ਰਹਿਮੰਡੀ ਊਰਜਾ ਦੀ ਆਪਣੇ ਅੰਦਰ ਪਛਾਣ ਕਰ ਲੈਂਦੇ ਹਨ ਉਹ ਵਿਵੇਕ ਦਾ ਭੇਦ ਪਾ ਲੈਂਦੇ ਹਨ। ਰੂਹਾਨੀ ਪੱਖੋਂ ਜਾਗਰੂਕ ਮਨੁੱਖ ਆਪਣੇ-ਆਪ ਅਹਿਸਾਸ ਕਰ ਲੈਂਦੇ ਹਨ। ਇਸ ਤੋਂ ਬਾਅਦ ਕਰਨ ਲਈ ਕੀ ਬਚਦਾ ਹੈ?
(ਸਿਰੀ ਰਾਗ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੮: ਸੁਮੇਰੂ (ਚੇਤਨਾ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਨੁਕਤੇ ਗੁਰੂ ਨਾਨਕ ਦੁਆਰਾ ਹਿਮਾਲਿਆ ਅਤੇ ਤਿੱਬਤ ਦੇ ਖੇਤਰ ਵਿਚ ਕੀਤੀ ਯਾਤਰਾ ਦੇ ਇਤਿਹਾਸਕ ਪਿਛੋਕੜ ਅਤੇ ਦਾਰਸ਼ਨਿਕ ਖੋਜ ਲਈ ਇਕ ਵਿਧੀਬਧ ਢਾਂਚਾ ਪੇਸ਼ ਕਰਦੇ ਹਨ। ਉਨ੍ਹਾਂ ਦੀ ਯਾਤਰਾ ਅਤੇ ਰੂਹਾਨੀ ਸੰਦੇਸ਼ਾਂ ਦੇ ਵਿਚਲੀ ਅੰਤਰ ਸੰਬੰਧਤਾ ਦੀ ਪੜਚੋਲ ਕਰਕੇ ਸਾਨੂੰ ਇਹ ਸਮਝ ਵਿੱਚ ਆਉਂਦਾ ਹੈ ਕਿ ਭੂਗੋਲਿਕ ਅਤੇ ਸੱਭਿਆਚਾਰਕ ਵਖਰੇਵਿਆਂ ਨੇ ਉਨ੍ਹਾਂ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਕਿਵੇਂ ਪ੍ਰਭਾਵਿਤ ਕੀਤਾ। ਇਹ ਪ੍ਰਸ਼ਨ ਇਸ ਤੱਥਪੂਰਵਕ ਵਿਚਾਰ ਲਈ ਪ੍ਰੇਰਿਤ ਕਰਦੇ ਹਨ ਕਿ ਗੁਰੂ ਨਾਨਕ ਨੇ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਵਾਰਤਾਲਾਪ ਕਿਵੇਂ ਰਚਾਇਆ, ਪਰੰਪਰਾਗਤ ਰਸਮਾਂ ਨੂੰ ਕਿਵੇਂ ਚੁਣੌਤੀ ਦਿੱਤੀ। ਭੌਤਿਕ ਸੰਪੱਤੀ, ਕਰਮਕਾਂਡ, ਤਪ ਅਤੇ ਅਦਵੈਤ ਬਾਰੇ ਕਿਸ ਤਰ੍ਹਾਂ ਦੇ ਵਿਕਲਪ ਪੇਸ਼ ਕੀਤੇ। ਉਨ੍ਹਾਂ ਦੀ ਯਾਤਰਾ ਅੰਤਰਧਾਰਮਿਕ ਸੰਵਾਦ ਬਾਰੇ ਇਕ ਗੂੜ੍ਹ ਗਿਆਨ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਰੂੜ੍ਹੀਵਾਦੀ ਮਾਨਤਾਵਾਂ ਦੀ ਥਾਂ ਅਨੁਭਵ ਆਧਾਰਤ ਗਿਆਨ, ਸੰਨਿਆਸ ਦੀ ਥਾਂ ਸਮਾਜਿਕ ਭਾਗੀਦਾਰੀ, ਅਤੇ ਦੈਵੀ ਏਕਤਾ ਦੇ ਪ੍ਰਗਟਾ ਲਈ ਨਿਮਰਤਾ ਤੇ ਜ਼ੋਰ ਦਿੰਦੀ ਹੈ। ਲਾਹੌਰ ਤੋਂ ਕੈਲਾਸ਼ ਪਰਬਤ ਤੱਕ ਵੱਖ-ਵੱਖ ਪ੍ਰਸੰਗਾਂ ਵਿਚ ਦਿੱਤੇ ਉਨ੍ਹਾਂ ਦੇ ਸੰਦੇਸ਼ ਸਾਡੇ ਸਮਕਾਲੀ ਸੰਸਾਰ ਵਿਚ ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾਵਾਂ ਨੂੰ ਸਮਝਣ ਲਈ ਕੀਮਤੀ ਅੰਦਰਦ੍ਰਿਸ਼ਟੀ ਪ੍ਰਦਾਨ ਕਰਦੇ ਹਨ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੁਆਰਾ ਹਿਮਾਲਿਆ ਖੇਤਰ ਵਿਚ ਕੀਤੀ ਦੂਜੀ ਯਾਤਰਾ ਦੀ ਸਮਾਂ ਅਤੇ ਭੂਗੋਲਿਕ ਇਲਾਕਾ ਕਿਹੜਾ ਸੀ?

ਐਪੀਸੋਡ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਆਪਣੀ ਦੂਜੀ ਯਾਤਰਾ ਲਗਭਗ ਸੰਨ ੧੫੧੭ ਈਸਵੀ ਵਿੱਚ ਸ਼ੁਰੂ ਕੀਤੀ, ਅਤੇ ਉਹ ਨਨਕਾਣਾ ਸਾਹਿਬ (ਤਲਵੰਡੀ) ਤੋਂ ਸ਼ੁਰੂ ਹੋ ਕੇ ਕਈ ਥਾਵਾਂ ਰਾਹੀਂ ਗੁਜ਼ਰੇ, ਜਿਵੇਂ ਕਿ ਲਾਹੌਰ, ਕੀਰਤਪੁਰ, ਜਵਾਲਾ ਜੀ, ਬੈਜਨਾਥ, ਪਾਰਵਤੀ ਵਾਦੀ, ਸਪੀਤੀ ਵਾਦੀ, ਸ਼ਿਪਕੀ ਦੱਰਾ ਪਾਰ ਕਰਕੇ ਤਿੱਬਤ,

ਸਾਪਰਾਂਗ, ਕੈਲਾਸ਼ ਪਹਾੜ, ਪੈਂਗੋਂਗ ਝੀਲ, ਲੇਹ, ਸਕਰਦੂ, ਕਾਰਗਿਲ, ਮਟਨ ਅਤੇ ਸ੍ਰੀਨਗਰ। ਵਿਸਥਾਰ ਵਿਚ ਕੀਤੀ ਇਹ ਯਾਤਰਾ ਉਨ੍ਹਾਂ ਨੂੰ ਕਈ ਰਾਜਾਂ, ਵੱਖ-ਵੱਖ ਧਰਾਤਲਾਂ ਅਤੇ ਅੱਜ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਤੋਂ ਪਾਰ ਲੈ ਗਈ। ਇਹ ਬਿਖਮ ਯਾਤਰਾ ਗੁਰੂ ਨਾਨਕ ਦੇ ਸੰਦੇਸ਼ਾਂ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਉਨ੍ਹਾਂ ਦੇ ਵਾਰਤਾਲਾਪ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਸੀ?

੨. ਗੁਰੂ ਨਾਨਕ ਵੱਲੋਂ ਵੱਖ-ਵੱਖ ਆਸਥਾਵਾਂ ਨਾਲ ਸੰਬੰਧਿਤ ਪਵਿੱਤਰ ਸਥਾਨਾਂ ਦੀ ਯਾਤਰਾ ਦਾ ਕੀ ਮਹੱਤਵ ਹੈ?
ਐਪੀਸੋਡ ਦਰਸਾਉਂਦਾ ਹੈ ਕਿ ਗੁਰੂ ਨਾਨਕ ਵੱਖ-ਵੱਖ ਧਾਰਮਿਕ ਸਥਾਨਾਂ ਰਾਹੀਂ ਗੁਜ਼ਰੇ, ਜਿਵੇਂ ਕਿ ਜਵਾਲਾਮੁਖੀ ਮੰਦਰ ਅਤੇ ਮਾਰਤੰਡ ਸੂਰਜ ਮੰਦਰ। ਤਿੱਬਤ ਵਿਚ ਬੋਧੀ ਭਿੱਖੂਆਂ ਨਾਲ ਕੀਤੀ ਮੁਲਾਕਾਤ, ਅਤੇ ਪੀਰ ਬੁੱਢਨ ਸ਼ਾਹ ਵਰਗੇ ਮੁਸਲਿਮ ਸੰਤਾਂ ਨਾਲ ਕੀਤੀ ਵਾਰਤਾਲਾਪ ਅੰਤਰਧਾਰਮਿਕ ਪਹੁੰਚ ਪ੍ਰਤੀ ਇਕ ਡੂੰਘੀ ਵਚਨਬੱਧਤਾ ਨੂੰ ਉਜਾਗਰ ਕਰਦੇ ਹਨ, ਜੋ ਇਹ ਦਰਸਾਉਂਦੇ ਹਨ ਕਿ ਵਿਸ਼ਵਵਿਆਪੀ ਸਚ ਦੀ ਖੋਜ ਦੀ ਕੋਈ ਹੱਦ ਨਹੀਂ ਹੁੰਦੀ ਅਤੇ ਇਸ ਵਿਚ ਪੂਰੀ ਮਨੁੱਖਤਾ ਨੂੰ ਇਕਜੁੱਟ ਕਰਨ ਦੀ ਤਾਕਤ ਹੁੰਦੀ ਹੈ। ਵੱਖ-ਵੱਖ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਦਾ ਇਹ ਰੁਝਾਨ ਗੁਰੂ ਨਾਨਕ ਦੁਆਰਾ ਅਪਣਾਏ ਅੰਤਰਧਾਰਮਿਕ ਸੂਝ ਪ੍ਰਤੀ ਰਵਈਏ ਅਤੇ ਸਚੇ ਰੂਹਾਨੀ ਸੰਦੇਸ਼ ਬਾਰੇ ਕੀ ਉਜਾਗਰ ਕਰਦੀ ਹੈ?

੩. ਇਤਿਹਾਸਕ ਦਸਤਾਵੇਜ਼ਾਂ ਵਿਚਲੇ ਅੰਤਰ ਨੂੰ ਵੇਖਦੇ ਹੋਏ, ਗੁਰੂ ਨਾਨਕ ਦੀਆਂ ਵੱਖ-ਵੱਖ ਥਾਵਾਂ ਉੱਤੇ ਕੀਤੀਆਂ ਯਾਤਰਾਵਾਂ ਦੇ ਬ੍ਰਿਤਾਂਤ ਕਿੰਨੇ ਵਿਸ਼ਵਾਸਯੋਗ ਹਨ?
ਐਪੀਸੋਡ ਗੁਰੂ ਨਾਨਕ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਬ੍ਰਿਤਾਂਤਾਂ ਦਾ ਵਰਣਨ ਕਰਦਾ ਹੈ, ਜਿਵੇਂ ਕਿ ਮਣੀਕਰਨ, ਗੁਰਦੁਆਰਾ ਪੱਥਰ ਸਾਹਿਬ ਲੇਹ, ਅਤੇ ਕੀਰਤਪੁਰ, ਜੋ ਸ਼ੁਰੂਆਤੀ 'ਜਨਮਸਾਖੀਆਂ' ਵਿਚ ਦਰਜ ਨਹੀਂ ਹਨ। ਇਤਿਹਾਸਕਾਰ ਇਨ੍ਹਾਂ ਮੌਖਿਕ ਪਰੰਪਰਾਵਾਂ ਦੀ ਪੁਸ਼ਟੀ ਕਰਨ ਲਈ ਕਿਹੜੀਆਂ ਵਿਧੀਆਂ ਦੀ ਵਰਤੋਂ ਕਰਦੇ ਹਨ? ਉਹਨਾਂ ਥਾਵਾਂ ਦੀ ਵਿਅਖਿਆ ਸਾਨੂੰ ਕਿਵੇਂ ਕਰਨੀ ਚਾਹੀਦੀ ਹੈ ਜਿੱਥੇ ਵਿਕਸਿਤ ਹੋ ਰਹੇ ਬ੍ਰਿਤਾਂਤ ਪ੍ਰਮੁੱਖ ਸਾਖੀਆਂ ਦਾ ਰੂਪ ਧਾਰਣ ਕਰ ਲੈਂਦੇ ਹਨ?

੪. ਸਾਪਰਾਂਗ ਵਿਚ ਗੁਰੂ ਨਾਨਕ ਵੱਲੋਂ ਵੇਖੇ ਗਏ ਸੱਭਿਆਚਾਰਕ ਸੰਦਰਭ ਦੇ ਹਵਾਲੇ ਨਾਲ ਗੁਗੇ ਸਮਰਾਜ ਦੇ ਇਤਿਹਾਸਕ ਬਦਲਾਅ ਕੀ ਦਰਸਾਉਂਦੇ ਹਨ?

ਦਸਤਾਵੇਜ਼ ਗੁਗੇ ਸਮਰਾਜ ਨੂੰ ਇਕ ਪਿਰਾਮਿਡ-ਆਕਾਰ ਦੀ ਪੱਥਰੀਲੀ ਪਹਾੜੀ ਉੱਤੇ ਸਥਿਤ ਬਹੁ-ਕਤਾਰੀ ਬਸਤੀ ਵਜੋਂ ਦਰਸਾਉਂਦਾ ਹੈ ਜੋ ੧੭ਵੀਂ ਸਦੀ ਵਿਚ ਰਹੱਸਮਈ ਢੰਗ ਨਾਲ ਅਲੋਪ ਹੋ ਗਈ। ਗੁਰੂ ਨਾਨਕ ਦੀ ਯਾਤਰਾ ਦੇ ਸਮੇਂ, ਇਹ ਖੇਤਰ ਵੱਖ-ਵੱਖ ਅਤੇ ਨਵੀਨ ਵਿਸ਼ਵਾਸ ਪ੍ਰਣਾਲੀਆਂ ਅਤੇ ਸੱਭਿਆਚਾਰਾਂ ਦੇ ਸੰਗਮ ਕਾਰਣ ਇਕ ਬਦਲਵੇਂ ਦੌਰ ਵਿਚੋਂ ਗੁਜ਼ਰ ਰਿਹਾ ਸੀ। ਇਹ ਸੱਭਿਆਚਾਰਕ ਮਿਲਾਪ ਗੁਰੂ ਨਾਨਕ ਦੇ ਸੰਦੇਸ਼ ਲਈ ਇਕ ਵਿਲੱਖਣ ਮੌਕਾ ਕਿਵੇਂ ਪੇਸ਼ ਕਰ ਸਕਦਾ ਸੀ?

## ਦਾਰਸ਼ਨਿਕ ਚਰਚਾ ਨੁਕਤੇ:

੧. ਦੁਨੀ ਚੰਦ ਨਾਲ ਗੁਰੂ ਨਾਨਕ ਦੀ ਭੇਟ ਨੇ ਭੌਤਿਕਵਾਦ ਅਤੇ ਧਨ ਇਕੱਤਰ ਕਰਨ ਬਾਰੇ ਉਨ੍ਹਾਂ ਦੀ ਡੂੰਘੀ ਸੂਝ ਨੂੰ ਕਿਵੇਂ ਉਜਾਗਰ ਕੀਤਾ?
ਲਾਹੌਰ ਵਿਚ, ਗੁਰੂ ਨਾਨਕ ਨੇ ਦੁਨੀ ਚੰਦ ਨੂੰ ਇਕ ਸੂਈ ਦਿੱਤੀ ਅਤੇ ਕਿਹਾ ਕਿ ਇਸਨੂੰ ਸੰਭਾਲ ਕੇ ਰੱਖੋ ਅਤੇ ਮੌਤ ਤੋਂ ਬਾਅਦ ਆਪਣੇ ਨਾਲ ਲੈ ਜਾਣਾ। ਇਸ ਕਿਰਿਆ ਨੇ ਦਰਸਾਇਆ ਕਿ ਧਨ ਇਕਤਰਤਾ ਦਾ ਕੋਈ ਅਰਥ ਨਹੀਂ, ਕਿਉਂਕਿ ਮੌਤ ਤੋਂ ਬਾਅਦ ਕੁਝ ਵੀ ਨਾਲ ਨਹੀਂ ਜਾਂਦਾ। ਗੁਰੂ ਨਾਨਕ ਨੇ ਇਕ ਸਬਦ ਗਾਇਨ ਕੀਤਾ ਜਿਸ ਦਾ ਭਾਵ ਸੀ ਕਿ ਭਾਵੇਂ ਕਿਸੇ ਨੇ ਕਿੰਨਾ ਵੀ ਧਨ ਤੇ ਦੌਲਤ ਇਕੱਠਾ ਕਰ ਲਿਆ ਹੋਵੇ, ਆਖਿਰ ਮੌਤ ਦਾ ਸਾਹਮਣਾ ਸਭ ਨੂੰ ਕਰਨਾ ਪੈਂਦਾ ਹੈ। ਉਨ੍ਹਾਂ ਨੇ ਗੰਭੀਰ ਚਿੰਤਨ ਰੂਪੀ ਧਨ ਦੀ ਖੋਜ ਨੂੰ ਪ੍ਰਗਟ ਕੀਤਾ। ਇਹ ਵਾਰਤਾਲਾਪ ਅਸਲ ਧਨ ਅਤੇ ਖੁਸ਼ਹਾਲੀ ਬਾਰੇ ਗੁਰੂ ਨਾਨਕ ਦੇ ਵਿਕਲਪਮਈ ਦ੍ਰਿਸ਼ਟੀਕੋਣ ਨੂੰ ਕਿਵੇਂ ਉਜਾਗਰ ਕਰਦਾ ਹੈ?

੨. ਗੁਰੂ ਨਾਨਕ ਦੁਆਰਾ 'ਸ਼ਰਾਧ' ਰਸਮ ਬਾਰੇ ਕੀਤੀ ਆਲੋਚਨਾ ਤੋਂ ਕਰਮਕਾਂਡ ਬਾਰੇ ਕਿਹੜੇ ਦਾਰਸ਼ਨਿਕ ਪਹਿਲੂ ਪ੍ਰਾਪਤ ਹੁੰਦੇ ਹਨ?
ਜਦੋਂ ਗੁਰੂ ਨਾਨਕ ਨੂੰ 'ਸ਼ਰਾਧ' ਲਈ ਸੱਦਾ ਭੇਜਿਆ ਗਿਆ — ਜੋ ਕਿ ਪੂਰਵਜਾਂ ਦੀ ਯਾਦ ਵਿੱਚ ਪੰਡਤਾਂ ਨੂੰ ਭੋਜਨ ਕਰਵਾਉਣ ਦੀ ਰਸਮ ਹੁੰਦੀ ਹੈ — ਤਾਂ ਉਨ੍ਹਾਂ ਨੇ ਸਮਝਾਇਆ ਕਿ ਅਸਲ ਸਤਿਕਾਰ ਉਹ ਹੁੰਦਾ ਹੈ ਜੋ ਜੀਉਂਦੇ ਜੀਅ ਕੀਤਾ ਜਾਵੇ। ਉਨ੍ਹਾਂ ਨੇ ਇਕ ਸਬਦ ਗਾਇਨ ਕੀਤਾ ਜਿਸ ਵਿਚ ਕਿਹਾ ਗਿਆ ਕਿ ਰਸਮਾਂ ਸਿਰਫ਼ ਚਤੁਰਾਈ ਵਾਲੀਆਂ ਕਿਰਿਆਵਾਂ ਹਨ ਜੋ ਸਚ ਉਪਰ ਪਰਦਾ ਪਾਉਂਦੀਆਂ ਹਨ; ਪਰ ਵਿਸ਼ਵਵਿਆਪੀ ਊਰਜਾ ਸਭ ਕੁਝ ਜਾਣਦੀ ਹੈ। ਇਹ ਦ੍ਰਿਸ਼ਟੀਕੋਣ

ਆਪਣੇ ਸਮੇਂ ਦੀਆਂ ਪਰੰਪਰਾਗਤ ਧਾਰਮਿਕ ਰੀਤਾਂ ਦੇ ਨਾਲ-ਨਾਲ ਅੱਜ ਦੇ ਸਮੇਂ ਦੀ ਧਾਰਮਿਕ ਸੋਚ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੩. ਜਵਾਲਾਮੁਖੀ ਮੰਦਰ ਵਿਖੇ ਅਗਨੀ ਪੂਜਾ ਬਾਰੇ ਗੁਰੂ ਨਾਨਕ ਦੀ ਸੂਝ ਪ੍ਰਤੀਕਾਤਮਕ ਬਨਾਮ ਸਾਰਥਿਕ ਰੂਹਾਨੀਅਤ ਬਾਰੇ ਉਨ੍ਹਾਂ ਦੇ ਵਿਆਪਕ ਵਿਚਾਰਾਂ ਨੂੰ ਕਿਵੇਂ ਦਰਸਾਉਂਦੀ ਹੈ?
ਜਵਾਲਾਮੁਖੀ ਮੰਦਰ ਵਿਚ ਅੱਗ ਦੀ ਪੂਜਾ ਕੀਤੀ ਜਾਂਦੀ ਹੈ, ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਅੱਗ ਨੂੰ ਗਿਆਨ ਦੀ ਜੋਤ ਰਾਹੀਂ ਮਨ ਦੀ ਪ੍ਰਕਾਸ਼ਤਾ ਦੇ ਪ੍ਰਤੀਕ ਵਜੋਂ ਵੇਖਿਆ। ਉਨ੍ਹਾਂ ਨੇ ਇਕ ਸਬਦ ਦੀ ਰਚਨਾ ਕੀਤੀ ਜਿਸ ਵਿਚ ਦਰਸਾਇਆ ਕਿ ਉਨ੍ਹਾਂ ਦਾ ਉਦੇਸ਼ ਨਿਤ ਚਿੰਤਨ ਕਰਨਾ ਹੈ ਅਤੇ ਇਹ ਸਮਝਾਇਆ ਕਿ ਸਾਡੇ ਅੰਦਰ ਹੀ ਉਹ ਚੇਤਨਾ ਵੱਸਦੀ ਹੈ ਜੋ ਸੂਰਜ ਦੀ ਰੋਸ਼ਨੀ ਵਰਗੀ ਹੈ। ਇਸ ਤੋਂ ਗੁਰੂ ਨਾਨਕ ਦੁਆਰਾ ਅਪਣਾਈ ਪ੍ਰਤੀਕਾਤਮਕ ਧਾਰਮਿਕ ਅਭਿਆਸਾਂ ਪ੍ਰਤੀ ਪਹੁੰਚ ਬਾਰੇ ਕੀ ਪਤਾ ਲੱਗਦਾ ਹੈ?

੪. ਕੈਲਾਸ਼ ਪਰਬਤ ਉੱਤੇ ਸਿੱਧਾਂ ਨਾਲ ਗੁਰੂ ਨਾਨਕ ਦੇ ਵਾਰਤਾਲਾਪ ਤੋਂ ਸੰਨਿਆਸ ਪ੍ਰਤੀ ਕਿਸ ਤਰ੍ਹਾਂ ਦਾ ਦਾਰਸ਼ਨਿਕ ਰਵਈਆ ਉਭਰ ਕੇ ਸਾਹਮਣੇ ਆਉਂਦਾ ਹੈ?
ਐਪੀਸੋਡ ਵਿਚ ਉੱਲੇਖ ਕੀਤਾ ਗਿਆ ਹੈ ਕਿ ਜਿੱਥੇ ਸਿੱਧ ਸਮਾਜ ਅਤੇ ਪਰਿਵਾਰ ਤੋਂ ਵੱਖ ਹੋ ਕੇ ਦਿਵਯਤਾ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ, ਉੱਥੇ ਗੁਰੂ ਨਾਨਕ ਦਾ ਮੰਨਣਾ ਸੀ ਕਿ ਰੂਹਾਨੀ ਉਚਾਈਆਂ ਸਮਾਜਿਕ ਅਤੇ ਘਰੇਲੂ ਫਰਜ਼ ਨਿਭਾਉਂਦੇ ਹੋਏ ਵੀ ਪ੍ਰਾਪਤ ਹੋ ਸਕਦੀਆਂ ਹਨ। ਉਨ੍ਹਾਂ ਨੇ ਇਹ ਸਵਾਲ ਕੀਤਾ ਕਿ ਜਦ ਉਨ੍ਹਾਂ ਦਾ ਗਿਆਨ ਸਮਾਜ ਲਈ ਲਾਭਕਾਰੀ ਹੋ ਸਕਦਾ ਹੈ, ਤਾਂ ਉਹ ਇਕਾਂਤ ਵਿੱਚ ਕਿਉਂ ਰਹਿੰਦੇ ਹਨ। ਇਹ ਦ੍ਰਿਸ਼ਟੀਕੋਣ ਦੁਨੀਆ ਤੋਂ ਵਿਰਕਤੀ ਰੂਹਾਨੀ ਅਭਿਆਸ ਦੀ ਪਰੰਪਰਾਗਤ ਧਾਰਨਾ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੫. ਗੁਰੂ ਨਾਨਕ ਚੁਣੌਤੀਪੂਰਨ ਧਾਰਮਿਕ ਵਿਸ਼ਿਆਂ ਉੱਤੇ ਸਤਿਕਾਰਯੋਗ ਵਾਰਤਾਲਾਪ ਨੂੰ ਕਿਵੇਂ ਉਤਸ਼ਾਹਿਤ ਕਰਦੇ ਹਨ?
ਕੈਲਾਸ਼ ਪਰਬਤ ਉੱਤੇ, ਦਾਰਸ਼ਨਿਕ ਵਾਰਤਾਲਾਪ ਸ਼ੁਰੂ ਕਰਨ ਤੋਂ ਪਹਿਲਾਂ, ਗੁਰੂ ਨਾਨਕ ਅਤੇ 'ਸਿੱਧਾਂ' ਨੇ ਇਕ-ਦੂਜੇ ਨੂੰ ਨਮਸਕਾਰ ਕੀਤੀ, ਜੋ ਕਿ ਅਰਥਪੂਰਨ ਵਾਰਤਾਲਾਪ ਲਈ ਇਕ ਮੂਲ ਸਿਧਾਂਤ ਨੂੰ ਦਰਸਾਉਂਦੀ ਹੈ। ਇਹ ਪਰਸਪਰ ਸਤਿਕਾਰ ਕਿਸੇ ਵੀ ਬੋਧਿਕ ਵਿਚਾਰ-ਵਟਾਂਦਰੇ ਜਾਂ ਸੰਭਾਵਿਤ ਵਖਰੇਵਿਆਂ ਤੋਂ ਪਹਿਲਾਂ ਇਕ ਮਜ਼ਬੂਤ ਅਧਾਰ ਸਥਾਪਿਤ ਕਰਦਾ ਹੈ। ਇਸ ਸੰਵਾਦ

ਪਹੁੰਚ ਤੋਂ ਅਸੀਂ ਅੱਜ ਦੇ ਸਮੇਂ ਵਿਚ ਅਰਥਪੂਰਨ ਬੈਠਕਾਂ ਅਤੇ ਗੋਸ਼ਟੀਆਂ ਕਾਇਮ ਕਰਨ ਲਈ ਕਿਹੜੇ ਸਿਧਾਂਤ ਅਪਣਾ ਸਕਦੇ ਹਾਂ?

੬. ਗੁਰੂ ਨਾਨਕ ਦੀ 'ਸੋਹੰ' ਦੀ ਧਾਰਨਾ ਅਦਵੈਤ ਪ੍ਰਤੀ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦੀ ਹੈ?
ਐਪੀਸੋਡ 'ਅਹੰ ਬ੍ਰਹਮਾਸਮੀ' (ਮੈਂ ਹੀ ਬ੍ਰਹਮ ਹਾਂ) ਦੇ ਅਦਵੈਤ ਵੇਦਾਂਤ ਦਰਸ਼ਨ ਦੀ ਤੁਲਨਾ ਗੁਰੂ ਨਾਨਕ ਦੀ 'ਸੋਹੰ' (ਉਹ ਮੇਰੇ ਵਿੱਚ ਵੱਸਦਾ ਹੈ) ਦੀ ਧਾਰਨਾ ਨਾਲ ਕੀਤੀ ਗਈ ਹੈ, ਜਿਸ ਵਿਚ ਦਰਜ਼ ਹੈ ਕਿ ਗੁਰੂ ਨਾਨਕ ਨੇ ਏਕਤਾ ਦੇ ਸਾਰ ਨੂੰ ਬਹੁਤ ਹੀ ਨਿਮਰਤਾ ਨਾਲ ਪ੍ਰਗਟ ਕੀਤਾ। ਅਦਵੈਤ ਨੂੰ ਪ੍ਰਗਟ ਕਰਨ ਦੇ ਇਸ ਵਿਲੱਖਣ ਢੰਗ ਤੋਂ ਕਿਹੜੇ-ਕਿਹੜੇ ਦਾਰਸ਼ਨਿਕ ਅਰਥ ਅਤੇ ਪ੍ਰਭਾਵ ਉਭਰ ਕੇ ਸਾਹਮਣੇ ਆਉਂਦੇ ਹਨ?

੭. ਗੁਰੂ ਨਾਨਕ ਦੁਆਰਾ ਹਿਮਾਲਿਆ ਪਰਬਤ ਰਾਹੀਂ ਆਪਣੀ ਪਰਿਵਰਤਨਸ਼ੀਲ ਯਾਤਰਾ ਸ਼ੁਰੂ ਕਰਨ ਵੇਲੇ ਕੁਦਰਤ ਨਾਲ ਸਬੰਧਤ ਰੂਪਕ ਉਨ੍ਹਾਂ ਦੇ ਫ਼ਲਸਫ਼ੇ ਦੀ ਸੂਝ ਨੂੰ ਕਿਵੇਂ ਵਧਾਉਂਦੇ ਹਨ?
ਐਪੀਸੋਡ ਵਿਚ ਸੰਪੂਰਨ ਤੌਰ ਤੇ ਗੁਰੂ ਨਾਨਕ ਕੁਦਰਤੀ ਤੱਤਾਂ ਦੀ ਵਰਤੋਂ ਆਪਣੇ ਵਿਚਾਰ ਪੇਸ਼ ਕਰਨ ਲਈ ਰੂਪਕਾਂ ਵਜੋਂ ਕਰਦੇ ਹਨ। ਉਹ ਮਾਨਸਰੋਵਰ ਝੀਲ ਦੇ ਸ਼ਾਂਤ ਪਾਣੀ ਨੂੰ ਸ਼ਾਂਤੀ ਅਤੇ ਥਿਰਤਾ ਦਾ ਪ੍ਰਤੀਕ ਦੱਸਦੇ ਹਨ, ਜਦਕਿ ਰਾਖਸ਼ਸ ਝੀਲ ਦੇ ਖਾਰੇ ਪਾਣੀ ਨੂੰ ਨਕਾਰਾਤਮਕ ਗੁਣਾਂ ਦਾ ਪ੍ਰਤੀਕ ਮੰਨਦੇ ਹਨ; ਪਾਣੀ ਵਿਚ ਰਤਨਾਂ ਦੀ ਖੋਜ ਕਰਦੇ ਹੰਸ, ਰੂਹਾਨੀ ਗਿਆਨ ਦੀ ਖੋਜ ਦਾ ਪ੍ਰਤੀਕ ਹਨ। ਇਹ ਕੁਦਰਤ-ਆਧਾਰਤ ਅੰਦਰਦ੍ਰਿਸ਼ਟੀਆਂ ਗੁਰੂ ਨਾਨਕ ਦੇ ਉਸ ਦਰਸ਼ਨ ਨੂੰ ਕਿਵੇਂ ਉਜਾਗਰ ਕਰਦੀਆਂ ਹਨ ਜੋ ਰੂਹਾਨੀ ਗਿਆਨ ਨੂੰ ਕੁਦਰਤੀ ਸੰਸਾਰ ਵਿਚ ਲੱਭਣ ਉੱਤੇ ਜ਼ੋਰ ਦਿੰਦੀਆਂ ਹਨ?

'ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ', ੨੪ ਕੜੀਆਂ ਦੀ ਗੁਰੂ ਨਾਨਕ ਦਸਤਾਵੇਜ਼ੀ

TheGuruNanak.com ਤੇ ੫ ਭਾਸ਼ਾਵਾਂ ਵਿੱਚ ਉਪਲਬਧ ਹੈ।

ਈਮੇਲ: onenessindiversityfoundation@gmail.com